# ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ
# ਸਟੀਕ

## ਚੰਡੀ ਦੀ ਵਾਰ

ਟੀਕਾਕਾਰ - ਸਵਾਮੀ ਹਰਿਨਾਮ ਦਾਸ ਉਦਾਸੀਨ

ਸੰਪਾਦਕ - ਭਜਨ ਸਿੰਘ

ਪ੍ਰਕਾਸ਼ਕ - ਵਿਸ਼ਵ ਨਾਮਧਾਰੀ ਸੰਗਤ
ਸ੍ਰੀ ਭੈਣੀ ਸਾਹਿਬ, ਲੁਧਿਆਣਾ (ਪੰਜਾਬ)

**ੴ[1] ਵਾਹਿਗੁਰੂ ਜੀ ਕੀ ਫਤੇ॥**

***ਭਾਵਾਰਥ:–*** (੧) ਇੱਕ (ਓਅੰ) ਜਿਸਦਾ ਸਾਰਾ ਪਸਾਰਾ ਹੈ, ਗੁਰੂ ਦੀ ਹੀ ਜਿੱਤ ਹੈ।

**ਸ੍ਰੀ ਭਗਉਤੀ ਜੀ ਸਹਾਇ॥**

***ਭਾਵਾਰਥ:–*** (ਸ੍ਰੀ) ਕਲਿਆਣ ਕਾਰੀ (ਭਗਉਤੀ) ਦੁਰਗਾ ਜੀ ਸਹਾਇਕ ਹੋਣ (ਤਾਂ ਕਿ ਨਿਰਵਿਘਨ ਸਮਾਪਤੀ ਹੋਵੇ)।

**ਵਾਰ ਸ੍ਰੀ ਭਗਉਤੀ ਜੀ ਕੀ॥ ਪਾਤਸ਼ਾਹੀ ੧੦[2]॥**

***ਭਾਵਾਰਥ:–*** ਸ੍ਰੀ ਦੁਰਗਾ ਜੀ ਦੀ ਵਾਰ (ਪਾਤਸ਼ਾਹੀ ੧੦) ਸ੍ਰੀ ਗੁਰੂ ਗੋਬੰਦ ਸਿੰਘ ਜੀ ਦੀ ਉਚਾਰਨ ਕੀਤੀ ਹੋਈ ਹੈ।

**ਪਉੜੀ॥**
**ਪ੍ਰਿਥਮ ਭਗੌਤੀ ਸਿਮਰ ਕੈ ਗੁਰ[3] ਨਾਨਕ ਲਈ ਧਿਆਇ॥**
**ਫਿਰ ਅੰਗਦ ਗੁਰ[3] ਤੇ ਅਮਰਦਾਸ ਰਾਮਦਾਸੈ ਹੋਈ ਸਹਾਇ॥**
**ਅਰਜਨ ਹਰਿ ਗੋਬਿੰਦ ਨੂੰ ਸਿਮਰੌ ਸ੍ਰੀ ਹਰਿ ਰਾਇ॥**
**ਸ੍ਰੀ ਹਰਿ ਕ੍ਰਿਸਨ ਧਿਆਈਐ ਜਿਸੁ ਡਿੱਠੇ ਸਭ ਦੁਖ ਜਾਇ॥**
**ਤੇਗ ਬਹਾਦਰ ਸਿਮਰੀਐ ਘਰ ਨਉਨਿਧਿ ਆਵੈ ਧਾਇ॥**
**ਸਭ ਥਾਈਂ ਹੋਇ ਸਹਾਇ॥੧॥[4]**

---

[1] ਨੋਟ:– ਭਾਈ ਮਨੀ ਸਿੰਘ ਜੀ ਵਾਲੀ ਬੀੜ ਦਾ ਸਿਰਲੇਖ ਵੀ ਏਹੋ ਜਿਹਾ ਹੈ, ਮਾਮੂਲੀ ਜਿਹਾ ਫ਼ਰਕ "ੴ ਸਤਿਗੁਰ ਪ੍ਰਸਾਦਿ" ਦਾ ਹੀ ਹੈ। ਸਾਨੂੰ ਇਹ ਪਤਾ ਨਹੀਂ ਲੱਗਾ ਕਿ 'ਦੁਰਗਾ ਦੀ ਵਾਰ' ਦੀ ਥਾਂ 'ਵਾਰ ਸ੍ਰੀ ਭਗਉਤੀ ਜੀ ਕੀ' ਪਾਠ ਕਿਵੇਂ ਅਤੇ ਕਿਸ ਬਣਾਇਆ ਹੈ? ਕੀ ਭਾਈ ਦੀਪ ਸਿੰਘ ਸ਼ਹੀਦ ਜੀ ਦੀ ਇਹ ਕਾਢ ਹੈ? ਕਿ ਭਾਈ ਸੁੱਖਾ ਸਿੰਘ ਜੀ ਦੀ ਜਾਂ ਭਾਈ ਨਿਹਾਲ ਸਿੰਘ ਜੀ ਦੀ? ਕਿਉਂਕਿ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੇ ਆਦਿ ਲਿਖਾਰੀ ਇਹ ਚਾਰੇ ਹੀ ਮੰਨੇ ਜਾਂਦੇ ਹਨ। ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੇ ਇਕ ਦੋ ਸ਼ਬਦਾਂ ਜਾਂ ਸਵੈਯਾਂ ਦੇ ਵਾਧੇ ਘਾਟੇ ਤੋਂ ਬਿਨਾਂ ਬਾਕੀ ਭੇਦ ਕੁਲ ਚਾਰ ਕਿਸਮਾਂ ਦੇ ਹੀ ਮਿਲਦੇ ਹਨ। ਭਾਈ ਮਨੀ ਸਿੰਘ ਜੀ, ਭਾਈ ਸੁੱਖਾ ਸਿੰਘ ਜੀ ਅਤੇ ਸ੍ਰੀ ਦੀਪ ਸਿੰਘ ਜੀ ਦਿਆਂ ਨਾਂਵਾਂ ਨਾਲ ਤਾਂ ਕਿਸੇ ਲੇਖਕ ਦਾ ਵੀ ਵਿਰੋਧ ਨਹੀਂ, ਸ੍ਰੀ ਨਿਹਾਲ ਸਿੰਘ ਜੀ ਬਾਰੇ ਵਿਕਲਪ ਜ਼ਰੂਰ ਹੈ, ਪਰ ਬੀੜਾਂ ਦੇ ਚਾਰ ਭੇਦ ਜ਼ਰੂਰ ਹੀ ਪ੍ਰਾਪਤ ਹਨ।

[2] ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਭਾਈ ਮਨੀ ਸਿੰਘ ਜੀ ਨੇ ਸੰਮਤ ੧੭੭੦ ਵਿੱਚ ਲਿਖ ਕੇ ਪੂਰਣ ਕੀਤੀ ਹੈ। ਇਹ ਬੀੜ ਹੁਣ ਰਾਜਾ ਗੁਲਾਬ ਸਿੰਘ ਸੇਠੀ ਜੀ ਦਿਆਂ ਸਪੁੱਤ੍ਰਾਂ ਪਾਸ ਹਨੁਮਾਨ ਰੋਡ ਨਵੀਂ ਦਿੱਲੀ ਵਿਚ ਮੌਜੂਦ ਹੈ। ਏਸ ਨਾਲ ਅਸਾਂ ਚੰਡੀ ਦੀ ਵਾਰ ਦਾ ਮੂਲ ਪਾਠ ਮਿਲਾਇਆ ਹੈ। ਇਕ ਬੀੜ ਸਿਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਵਿੱਚ ਭਾਈ ਮਨੀ ਸਿੰਘ ਜੀ ਦੀ ਬੀੜ ਦੀ ਨਕਲ ਸੰਮਤ ੧੯੬੯ ਚੇਤ ਸੁਦੀ ਨਉਮੀ ੯ ਮੰਗਲਵਾਰ ਦੀ ਲਿਖਤ ਕੀਤੀ ਹੋਈ ਹੈ। ਜੀਹਦਾ ਐਕਸੈਸ਼ਨ ਨੰਬਰ ੬੫੦੦/੨੬੨੫ ਹੈ। ਏਸ ਵਿਚ ਸਿਰਲੇਖ ਇਓਂ ਹੈ "ੴ ਸ੍ਰੀ ਭਗਉਤੀ ਜੀ ਸਹਾਇ॥ ਵਾਰ ਦੁਰਗਾ ਕੀ ਲਿਖਯਤੇ ॥ਪਉੜੀ॥ ਸ੍ਰੀ ਮੁਖਬਾਕ ਪਾਤਸ਼ਾਹੀ ੧੦॥" (ਪੰਨਾ ੩੬੧)

[3] ਪਾਠ– ਗੁਰੂ

[4] 'ਚੰਡੀ ਦੀ ਵਾਰ' ਸਿੱਖ ਲਿਖਾਰੀਆਂ ਨੇ ਪੰਜਾਬੀ ਕਵਿਤਾ ਮੰਨੀ ਹੈ ਕਿ ਪਰ ਮੇਰੀ ਵਿਚਾਰ ਅਨੁਸਾਰ ਹਿੰਦੀ ਜਾਂ ਪੰਜਾਬੀ ਕਵਿਤਾ ਵਿਚ ਮਾਤ੍ਰਿਕ ਸੰਤੁਲਿਨ ਜ਼ਰੂਰ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਪਿੰਗਲ ਦੇ ਨਿਯਮਾਂ ਦੀ ਉਲੰਘਨ ਨਹੀਂ

***ਭਾਵਾਰਥ:–*** ਪਹਿਲਾਂ (ਭਗੌਤੀ) ਦੁਰਗਾ ਨੂੰ ਸਿਮਰ ਕੇ ਗੁਰੂ ਨਾਨਕ ਜੀ ਨੂੰ ਸਿਮਰ ਲੈਂਦਾ ਹਾਂ। ਫੇਰ ਸ੍ਰੀ ਗੁਰੂ ਅੰਗਦ ਜੀ, ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ (ਗੁਰੂ) ਰਾਮਦਾਸ ਜੀ ! (ਤੁਸਾਂ) ਸਹਾਇਕ ਹੋਣਾ। ਸ੍ਰੀ ਗੁਰੂ ਅਰਜਨ, ਸ੍ਰੀ ਗੁਰੂ ਹਰਿ ਗੋਬਿੰਦ ਅਤੇ ਸ੍ਰੀ ਗੁਰੂ ਹਰਿ ਰਾਇ ਨੂੰ ਸਿਮਰਦਾ ਹਾਂ। ਸ੍ਰੀ ਹਰਿ ਕ੍ਰਿਸ਼ਨ ਨੂੰ ਸਿਮਰਨ ਕਰੀਏ, ਜੀਹਦੇ ਦਰਸ਼ਨ ਨਾਲ ਸਾਰਾ ਦੁੱਖ ਚਲਿਆ (ਜਾਇ) ਜਾਂਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਿਮਰਨ ਨਾਲ ਨੌਂ-ਨਿਧੀਆਂ ਦੌੜ ਕੇ ਘਰ ਵਿੱਚ ਆ ਜਾਂਦੀਆਂ ਹਨ। ਸਾਰੀਆਂ ਥਾਂਵਾਂ ਵਿੱਚ ਹੀ ਸਹਾਇਕ ਹੋਣਾ॥੧॥

**ਪਉੜੀ॥**

**ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੈਸਾਰ ਉਪਾਇਆ॥**
**ਬ੍ਰਹਮਾ ਬਿਸਨੁ ਮਹੇਸ ਸਾਜਿ ਕੁਦਰਤੀ ਦਾ ਖੇਲ ਰਚਾਇ ਬਣਾਇਆ॥**
**ਸਿੰਧੁ ਪਰਬਤ ਮੇਦਨੀ ਬਿਨੁ ਥੰਮ੍ਹਾ ਗਗਨਿ ਰਹਾਇਆ॥**
**ਸਿਰਜੇ ਦਾਨੋ[੧] ਦੇਵਤੇ ਤਿਨ ਅੰਦਰਿ ਬਾਦੁ ਰਚਾਇਆ॥**
**ਤੈ ਹੀ ਦੁਰਗਾ ਸਾਜਿ ਕੈ[੨] ਦੈਤਾ ਦਾ ਨਾਸੁ ਕਰਾਇਆ[੩]॥**
**ਤੈਥੋਂ ਹੀ ਬਲੁ ਰਾਮ ਲੈ ਨਾਲ ਬਾਣਾ ਦਹਸਿਰੁ ਘਾਇਆ॥**
**ਤੈਥੋਂ ਹੀ ਬਲੁ ਕ੍ਰਿਸਨ ਲੈ ਕੰਸੁ ਕੇਸੀ ਪਕੜਿ ਗਿਰਾਇਆ॥**
**ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ[੪] ਤਨੁ ਤਾਇਆ॥**

---

ਕਰਦੇ ਸਨ, ਲਿਖਾਰੀਆਂ ਤੋਂ ਲਿਖਣ ਵੇਲੇ ਮਾਤ੍ਰਿਕ ਕਿਰਿਆ ਦਾ ਵਿਗਾੜ ਪਿਆ ਹੋਇਆ ਹੈ, ਸਤਿਗੁਰਾਂ ਨਾਲ ਸੰਬੰਧਿਤ ਕਰਨਾ ਅਨੁਚਿੱਤ ਹੈ। ਏਸ ਸਾਰੀ ਪਾਉੜੀ ਦੀਆਂ ਮਾਤ੍ਰਾਂ ਗਿਣਿਆਂ ਪਤਾ ਲੱਗ ਰਿਹਾ ਹੈ ਕਿ ਏਸ ਦੀ ਪ੍ਰਤਯੇਕ ਤੁਕ ੨੮ ਮਾਤ੍ਰਿਕ ਹੈ, ਲਿਖਾਰੀਆਂ ਦੀਆਂ ਭੁੱਲਾਂ ਨਾਲ ੨੭ ਅਤੇ ੨੯ ਵੀ ਹੋ ਗਈਆਂ ਹਨ, ਪਰ ਦੂਜੀ ਤੁੱਕ ਦੀਆਂ ੩੪ ਮਾਤ੍ਰਾਂ ਹਨ, ਜਿਸ ਤੋਂ ਮਾਲੂਮ ਪੈ ਰਿਹਾ ਹੈ ਕਿ ਏਸ ਵਿੱਚ ੬ ਮਾਤ੍ਰਿਕ ਪਾਠ ਵੱਧ ਹੈ। ਇਹ ਕਿਉਂ ਅਤੇ ਕਿਥੋਂ ਆਇਆ ਹੈ? ਏਸ ਦੇ ਹੱਲ ਵਾਸਤੇ ਸ੍ਰੀ ਮਨੀ ਸਿੰਘ ਜੀ ਦੀ ਬੀੜ ਨੇ ਕੁਝ ਰਹਿਨੁਮਾਈ ਕੀਤੀ ਹੈ, ਸ੍ਰੀ ਮਨੀ ਸਿੰਘ ਜੀ ਦੀ ਬੀੜ ਵਿੱਚ ਇੱਕ ਤੁੱਕ ਏਸ ਥਾਂ ਵੱਧ ਹੈ, ਜੋ ਇਓਂ– 'ਚਉਦਹ ਤਬਕ ਬਣਾਇ ਕੈ ਕੁਦਰਤੀ ਦਾ ਖੇਲ ਦਿਖਾਇਆ' (ਪੰਨਾ ੮੩੮) ਇਹ ਤੁਕ ੨੮ ਮਾਤ੍ਰਿਕ ਪੂਰੀ ਹੈ, ਪਰ 'ਕੁਦਰਤੀ ਦਾ ਖੇਲ' ਦੋਹਾਂ ਤੁਕਾਂ ਵਿਚ ਪਾਠ ਸ਼ੰਕਾ ਪੈਦਾ ਕਰਦਾ ਹੈ ਜਿਸ ਨੂੰ ਵਿਚਾਰਿਆਂ ਹੋਇਆ ਇਹ ਫ਼ਰਕ ੧੦ ਮਾਤ੍ਰਿਕ ਨਿਕਲਦਾ ਹੈ, ਜੇ ਹੋਰ ਵੀ ਘੱਟ ਸ਼ੰਕਾ ਕਰਨੀ ਹੋਵੇ ਤਾਂ ਇਹ ਗਿਆਨ ਹੁੰਦਾ ਹੈ ਕਿ 'ਬ੍ਰਹਮਾ ਬਿਸਨੁ ਮਹੇਸ ਸਾਜਿ ਖੇਲ ਰਚਾਇ ਬਣਾਇਆ॥ ਚਉਦਹ ਤਬਕ ਬਣਾਇ ਕੈ ਕੁਦਰਤਿ ਦਾ ਖੇਲ ਬਣਾਇਆ॥' ਇਹ ਪਾਠ ਇਓਂ ਹੋਣਾ ਚਾਹੀਦਾ ਹੈ ਪਰ 'ਖੇਲ' ਦੀ ਥਾਂ ਵੀ ਦੂਜੀ ਤੁਕ ਵਿੱਚ 'ਮੇਲ' ਪਾਠ ਹੋਵੇ ਤਾਂ ਹੀ ਸੋਹਣੀ ਲੱਗਦੀ ਹੈ ਅਤੇ ਨਿਰਦੋਸ਼ ਰਹਿੰਦੀ ਹੈ।

ਪ੍ਰੋ. ਪਰਮਿੰਦਰ ਸਿੰਘ ਐਮ.ਏ., ਪ੍ਰੋ. ਕਿਰਪਾਲ ਸਿੰਘ ਕਸੇਲ ਐਮ.ਏ. ਦੀ ਸੰਪਾਦਨਾ ਕੀਤੀ ਚੰਡੀ ਦੇ ਵਾਰ ਦੇ ਟੀਕੇ ਵਿੱਚ ਇਓਂ ਲਿਖਿਆ ਹੈ "ਗੁਰੂ ਸਾਹਿਬ ਨੇ ਆਪਣੀ ਕਵਿਤਾ ਬਹੁਤ ਸਾਰੇ ਛੰਦਾਂ ਵਿੱਚ ਰਚੀ ਹੈ। ਪਰੰਤੂ ਇਹਨਾਂ ਦੀ ਕਵਿਤਾ ਦੀ ਸਿਫ਼ਤ ਇਹ ਹੈ ਕਿ ਇਸ ਵਿੱਚ ਛੰਦਾਂ ਦੀ ਮਾਤ੍ਰਿਕ ਗਿਣਤੀ ਦੇ ਅਧੀਨ ਹੋ ਕੇ ਵਿਚਾਰ ਦਾ ਗਲ ਨਹੀਂ ਘੁੱਟਿਆ ਗਿਆ ਅਤੇ ਆਪਣੇ ਵਿਚਾਰਾਂ ਨੂੰ ਪੂਰਨ ਸੁਤੰਤਰਤਾ ਨਾਲ ਨਿਭਾਇਆ ਗਿਆ ਹੈ"॥ (ਸਫ਼ਾ ੧੨)

[੧] ਪਾਠ– ਦਾਨਵ,

[੨] ਪਾਠ– ਸਾਜੀਆ,

[੩] ਪਾਠ ਕਰਵਾਇਆ,

[੪] ਪਾਠ– ਜਿਨਾ

**ਕਿਨੀ ਤੇਰਾ ਅੰਤੁ ਨ ਪਾਇਆ॥੨॥**

***ਭਾਵਾਰਥ:–*** (ਜਿਨ) ਜਿਸ ਬ੍ਰਹਮ ਨੇ ਪਹਿਲਾ (ਖੰਡਾ) ਮਾਇਆ ਰੱਚ ਕੇ ਹੀ ਸਾਰੇ ਸੰਸਾਰ ਨੂੰ ਪੈਦਾ ਕੀਤਾ ਹੈ। ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਰਚ ਕੇ (ਕੁਦਰਤੀ) ਮਾਇਆ ਦਾ ਤਮਾਸ਼ਾ ਬਣਾ ਕੇ ਰਚਿਆ ਹੈ। ਸਾਗਰ, ਪਹਾੜ ਅਤੇ (ਮੇਦਨੀ) ਧਰਤੀ ਨੂੰ (ਗਗਨਿ) ਆਕਾਸ਼ ਵਿੱਚ ਬਿਨਾਂ ਹੀ ਥੰਮ੍ਹਾਂ ਤੋਂ (ਰਹਾਇਆ) ਰੱਖਿਆ ਹੋਇਆ ਹੈ। (ਹੇ ਸ਼ਕਤੀ) ਤੂੰ ਦੈਂਤਾਂ ਅਤੇ ਦੇਵਤਿਆਂ ਦੀ ਸਿਰਜਣਾ ਕਰਕੇ ਉਨ੍ਹਾਂ ਅੰਦਰ (ਬਾਦ) ਵਾਦ–ਵਿਵਾਦ ਪੈਦਾ ਕੀਤਾ ਹੈ ਭਾਵ ਆਪਸ ਵਿਚ ਲੜਾ ਦਿੱਤਾ ਹੈ। ਤੂੰ ਦੁਰਗਾ ਨੂੰ ਰਚ ਕੇ ਦੈਂਤਾਂ ਦਾ ਨਾਸ ਕਰਵਾਇਆ ਹੈ। ਤੈਥੋਂ ਹੀ ਸ੍ਰੀ ਰਾਮਚੰਦ੍ਰ ਜੀ ਨੇ ਤਾਕਤ ਲੈ ਕੇ ਤੀਰਾਂ ਨਾਲ (ਦਹਸਿਰੁ) ਰਾਵਣ ਨੂੰ ਮਾਰਿਆ। ਤੈਥੋਂ ਹੀ (ਸ੍ਰੀ ਭਗਵਾਨ) ਕ੍ਰਿਸ਼ਨ ਜੀ ਨੇ ਤਾਕਤ ਨੂੰ ਲੈ ਕੇ ਕੰਸ ਅਤੇ ਕੇਸੀ (ਦੈਂਤ) ਨੂੰ ਪਕੜ ਪਛਾੜਿਆ ਅਥਵਾ ਕੰਸ ਨੂੰ ਕੇਸਾਂ ਤੋਂ ਫੜ੍ਹ ਕੇ ਸੁੱਟ ਲਿਆ। ਜੋ ਵੱਡੇ ਵੱਡੇ ਮੁਨੀ ਅਤੇ ਦੇਵਤੇ ਹਨ, ਉਨ੍ਹਾਂ ਨੇ ਕਈ ਯੁਗਾਂ ਤੱਕ ਸਰੀਰ ਨੂੰ ਤਾਇਆ ਭਾਵ ਤੱਪ, ਜਪ ਕੀਤਾ ਹੈ। ਕਿਸੇ ਨੇ ਵੀ ਤੇਰਾ ਅੰਤ ਨਹੀਂ ਪਾਇਆ॥੨॥

**ਪਉੜੀ॥**

**ਸਾਧੂ ਸਤਜੁਗੁ ਬੀਤਿਆ ਅਧ ਸੀਲੀ ਤ੍ਰੇਤਾ ਆਇਆ॥**
**ਨੱਚੀ ਕਲ ਸਰੋਸਰੀ[੧] ਕਲ ਨਾਰਦ ਡਉਰੂ ਵਾਇਆ॥**
**ਅਭਿਮਾਨ ਉਤਾਰਨ ਦੇਵਤਿਆ ਮਹਿਖਾਸੁਰ ਸੁੰਭ[੨] ਉਪਾਇਆ[੩]॥**
**ਜੀਤ ਲਏ ਤਿਨ ਦੇਵਤੇ ਤਿਹ ਲੋਕੀ ਰਾਜੁ ਕਮਾਇਆ॥**
**ਵਡਾ ਬੀਰੁ ਅਖਾਇਕੈ ਸਿਰ ਉਪਰਿ ਛਤ੍ਰ ਫਿਰਾਇਆ॥**
**ਦਿੱਤਾ ਇੰਦ੍ਰ ਨਿਕਾਲ ਕੈ ਤਿਨ ਗਿਰਿ ਕੈਲਾਸੁ ਤਕਾਇਆ॥**
**ਡਰਿ ਕੈ ਹੱਥੋਂ ਦਾਨਵੀ ਦਿਲ ਅੰਦਰਿ ਤ੍ਰਾਸ ਵਧਾਇਆ॥**
**ਪਾਸ ਦੁਰਗਾ ਦੇ ਇੰਦ੍ਰ ਆਇਆ॥੩॥**

***ਭਾਵਾਰਥ:–*** ਮਾਨਵੀ ਗੁਣਾਂ ਵਾਲਾ ਸਤਿਜੁਗ ਬੀਤ ਗਿਆ ਹੈ ਅਤੇ ਤ੍ਰੇਤਾ ਜੁਗ ਸ਼ੁਰੂ ਹੋ ਗਿਆ ਹੈ, ਜਿਸ ਵਿਚ ਇਹ ਗੁਣ ਅੱਧੇ ਰਹਿ ਗਏ ਹਨ। ਝਗੜਿਆਂ ਦੀ ਪ੍ਰਤੀਕ ਕਲੇਸ਼ ਦੀ ਦੇਵੀ ਸਾਰਿਆਂ ਦੀ ਸੋਚਾਂ ਵਿਚ ਜਾ ਬੈਠੀ। ਉਸ ਦੇ ਸਾਥੀ ਨਾਰਦ ਨੇ ਆਪਣੇ ਆਉਣ ਦੀ ਖਬਰ ਡਮਰੂ ਵਜਾ ਕੇ ਦਿੱਤੀ ਅਰਥਾਤ ਮਨੁੱਖਾਂ ਨੂੰ ਲੜਾਈ ਝਗੜਿਆਂ ਲਈ ਉਕਸਾਇਆ। ਪਰਮੇਸ਼ਵਰ ਨੇ ਦੇਵਤਿਆਂ ਵਿਚ ਜਪ ਤਪ ਸਦਕਾ ਪੈਦਾ ਹੋਏ ਹੰਕਾਰ ਨੂੰ ਨਾਸ ਕਰਨ ਲਈ ਹਾਥੀ ਦੀ ਤਾਕਤ ਵਾਲਾ ਮਹਿਖਾਸੁਰ (ਸੁੰਭ) ਦੈਂਤ ਪੈਦਾ ਕੀਤਾ। ਉਸ ਰਾਖਸ਼ ਨੇ ਦੇਵਤਿਆਂ ਨੂੰ ਜਿੱਤ ਲਿਆ ਅਤੇ ਤਿੰਨਾਂ ਲੋਕਾਂ ਵਿਚ ਆਪਣਾ ਰਾਜ ਸਥਾਪਿਤ ਕਰ ਲਿਆ। ਆਪਣੇ ਆਪ ਨੂੰ ਵੱਡਾ ਯੋਧਾ ਅਖਵਾ ਕੇ ਸਿਰ ਉੱਤੇ ਰਾਜ ਦਾ ਚਿੰਨ੍ਹ ਅਰਥਾਤ ਛਤ੍ਰ ਝੁਲਵਾਇਆ। ਮਹਿਖਾਸੁਰ ਨੇ ਦੇਵ ਪੁਰੀ 'ਚੋਂ ਇੰਦਰ ਨੂੰ ਕੱਢ ਦਿੱਤਾ,

---

[੧] ਪਾਠ– ਸੁਰਾਸੁਰੀ,

[੨] ਪਾਠ– ਸੁੰਡ (ਯੋਧਾ)

[੩] ਪਾਠ– ਬਣਾਇਆ

ਫਿਰ ਇੰਦਰ ਆਸਰਾ ਤੱਕਦਾ ਕੈਲਾਸ਼ ਪਰਬਤ ਚਲਾ ਗਿਆ। ਰਾਖਸ਼ਾਂ ਕੋਲੋਂ ਡਰ ਕੇ ਭੱਜੇ ਇੰਦਰ ਦਾ ਦਿਲ ਬਹੁਤ ਡਰ ਗਿਆ। ਕੈਲਾਸ਼ ਪਰਬਤ ਤੇ ਰਹਿਣ ਵਾਲੀ ਦੇਵੀ ਦੁਰਗਾ ਕੋਲ ਇੰਦਰ ਸਹਾਇਤਾ ਮੰਗਣ ਲਈ ਪਹੁੰਚਿਆ।

**ਪਉੜੀ॥**

**ਇਕੁ ਦਿਹਾੜੇ ਨਾਵਣ ਆਈ ਦੁਰਗਸ਼ਾਹ॥[੧]**
**ਇੰਦ੍ਰ ਬਿਰਥਾ ਸੁਣਾਈ ਅਪਣੇ ਹਾਲ ਦੀ॥**
**ਛੀਨ ਲਈ ਠਕੁਰਾਈ ਸਾਤੇ ਦਾਨਵੀ॥**
**ਲੋਕੀ ਤਿਹੀ ਫਿਰਾਈ ਦੋਹੀ ਆਪਣੀ॥**
**ਬੈਠੇ ਵਾਇ ਵਧਾਈ ਤੇ ਅਮਰਾਵਤੀ॥**
**ਦਿੱਤੇ ਦੇਵ ਭਜਾਈ ਸਭਨਾ ਰਾਕਸਾਂ॥**
**ਕਿਨੈ ਨ ਜਿੱਤਾ ਜਾਈ ਮਹਿਖੇ ਦੈਤਜ ਨੂੰ॥**
**ਤੇਰੀ ਸਾਮ ਤਕਾਈ ਦੇਵੀ ਦੁਰਗਸ਼ਾਹ॥੪[੨]॥**

***ਭਾਵਾਰਥ:-*** (ਦੁਰਗਸ਼ਾਹ) ਦੁਰਗਾ ਦੇਵੀ ਇੱਕ ਦਿਨ ਨ੍ਹਾਉਣ ਲਈ ਆਈ। ਇੰਦਰ ਨੇ ਆਪਣੇ (ਹਾਲ) ਹਾਲਾਤ ਦੀ (ਬਿਰਥਾ) ਦੁਖ-ਤਕਲੀਫ਼ ਦੁਰਗਾ ਨੂੰ ਸੁਣਾਈ। ਸਾਥੋਂ ਦੈਂਤਾਂ ਨੇ (ਠਕੁਰਾਈ) ਬਾਦਸ਼ਾਹੀ ਖੋਹ ਲਈ ਹੈ। ਤਿੰਨਾਂ ਲੋਕਾਂ ਵਿੱਚ ਹੀ ਆਪਣੀ (ਦੋਹੀ) ਹਕੂਮਤ ਦੀ ਡੋਂਡੀ ਭਾਵ ਐਲਾਨੇ-ਹਕੂਮਤ ਫਿਰਾ ਦਿੱਤੀ ਹੈ। ਵਧਾਈਆਂ (ਵਾਇ) ਬੋਲ ਕੇ ਉਹ ਸਵਰਗ ਪੁਰੀ ਵਿੱਚ ਬੈਠੇ ਹੋਏ ਹਨ। ਸਾਰਿਆਂ ਰਾਖਸ਼ਾਂ ਨੇ ਮਿਲ ਕੇ ਦੇਵਤੇ ਭਜਾ ਦਿੱਤੇ ਹਨ। ਮਹਿਖਾਸੁਰ ਨੂੰ ਕਿਸੇ ਵੀ ਜਾ ਕੇ ਨਹੀਂ ਜਿੱਤਿਆ। ਏਸੇ ਵਾਸਤੇ, ਹੇ ਦੁਰਗਸ਼ਾਹ ਦੇਵੀ ! ਅਸਾਂ ਤੇਰੀ (ਸਾਮ) ਸ਼ਰਨ ਤੱਕੀ ਹੈ॥੪॥

**ਪਉੜੀ॥**

**ਦੁਰਗਾ ਬੈਣ ਸੁਣੰਦੀ ਹੱਸੀ ਹੜਹੜਾਇ॥**

---

[੧] ਏਸ ਪਉੜੀ ਵਿੱਚ ਪ੍ਰਤਯੇਕ ਤੁਕ ਦੀਆਂ ੨੧ ਮਾਤ੍ਰਾਂ ਹਨ, ਪਹਿਲਾ ਵਿਸ਼੍ਰਾਮ ੧੨ ਅਤੇ ਦੂਜਾ ਵਿਸ਼੍ਰਾਮ ੯ ਮਾਤ੍ਰਾ 'ਤੇ ਹੈ, ਇਹ ਸ੍ਰੀਖੰਡ (ਸਿਰਖੰਡੀ) ਛੰਦ ਦਾ ਹੀ ਰੂਪ ਹੈ, ਏਸ ਦੇ ਮੱਧਯ ਅਨੁਪ੍ਰਾਸ ਦਾ ਮੇਲ ਹੈ, ਏਸ ਵਿੱਚ ਕੁਲ ਤੁਕਾਂ ੮ ਹਨ, ਛੇ ਤੁਕਾਂ ਤਾਂ ਇਕ ਹੀ ਨਿਯਮ ਅਨੁਸਾਰ ਚੱਲੀਆਂ ਜਾ ਰਹੀਆਂ ਹਨ, ਪਰ ਪਹਿਲੀ ਤੁੱਕ ਵਿੱਚ ਮੱਧਯਅਨੁਪ੍ਰਾਸ ਦੇ ਮੇਲ ਦਾ ਨਿਯਮ ਭੰਗ ਹੋਇਆ ਹੈ, ਮੇਰੀ ਸਮਝ ਅਨੁਸਾਰ ਇਹ ਲਿਖਾਰੀ ਦੀ ਭੁੱਲ ਹੈ, ਏਸ ਦਾ ਨਿਯਮ ਅਨੁਸਾਰ ਪਾਠ 'ਇਕੁ ਦਿਹਾੜੇ ਆਈ, ਨਾਵਣ ਦੁਰਗਸਾਹ' ਚਾਹੀਦਾ ਹੈ, ਏਸ ਤੁਕ ਵਿੱਚ ੧੧-੧੦ ਦਾ ਵਿਸ਼੍ਰਾਮ ਬਣ ਕੇ ੨੧ ਮਾਤ੍ਰਾਂ ਬਣਦੀਆਂ ਹਨ, ਪਹਿਲੇ ਪਾਠ ਵਿੱਚ ਵੀ ੧੧-੧੦ ਦਾ ਹੀ ਨਿਯਮ ਰਹਿੰਦਾ ਹੈ, ਪ੍ਰੰਤੂ ਆਖਰੀ ਤੁੱਕ ਦੀ ੧੨-੧੦ ਦੇ ਵਿਸ਼੍ਰਾਮ ਦੀ ੨੨ ਮਾਤ੍ਰਿਕ ਹੈ, ਏਸ ਵਿੱਚ 'ਦੁਰਗਸ਼ਾਹ' ਪਾਠ ਨੂੰ ਪੰਜ ਮਾਤ੍ਰਿਕ ਮੰਨਣਾ ਚਾਹੀਦਾ ਹੈ।

[੨] ਭਾਈ ਮਨੀ ਸਿੰਘ ਜੀ ਵਾਲੀ ਬੀੜ ਵਿੱਚ ਇਹ ਅੰਗ ਦੋਹਰੇ ਹਨ, ਯਥਾ- '੪॥੪॥'

**ਓਹੀ[1] ਸੀਹੁ ਮੰਗਾਇਆ ਰਾਕਸ ਭੱਖਣਾ[2]॥**
**ਚਿੰਤਾ ਕਰਹੁ ਨ ਕਾਈ ਦੇਵਾਂ ਨੂ ਆਖਿਆ॥**
**ਰੋਹ ਹੋਈ ਮਹਾ ਮਾਈ ਰਾਕਸ ਮਾਰਣੇ॥੫॥**

***ਭਾਵਾਰਥ:–*** ਇੰਦਰ ਦੇ (ਬੈਣ) ਦੁੱਖ ਦੀ ਕਹਾਣੀ ਸੁਣਦਿਆਂ ਹੀ ਦੁਰਗਾ ਖਿੜ ਖਿੜ ਕਰ ਕੇ ਹੱਸ ਪਈ ਭਾਵ ਦੈਂਤਾਂ ਦੇ ਮਾਰਨ ਨੂੰ ਚੰਡਿਕਾ ਨੇ ਕੋਈ ਵੱਡਾ ਕੰਮ ਨਾ ਜਾਣਿਆ। ਜੋ ਰਾਖਸ਼ਾਂ ਨੂੰ (ਭੱਖਣਾ) ਖਾ ਜਾਣ ਵਾਲਾ ਸੀ, ਓਹੋ ਹੀ ਸ਼ੇਰ ਮੰਗਵਾ ਲਿਆ। ਦੇਵਤਿਆਂ ਨੂੰ ਕਿਹਾ ਕਿ ਕੋਈ ਚਿੰਤਾ ਨਾ ਕਰੋ। (ਮਹਾਮਾਈ) ਮਹਾਂ ਮਾਇਆ ਦੁਰਗਾ ਰਾਖਸ਼ਾਂ ਨੂੰ ਮਾਰਨ ਵਾਸਤੇ ਸ਼ੇਰ ’ਤੇ (ਰੋਹ) ਆਰੋਹ ਭਾਵ ਸਵਾਰ ਹੋ ਗਈ॥੫॥

**ਦੋਹਰਾ॥**

**ਰਾਕਸਿ ਆਏ ਰੋਹਲੇ ਖੇਤ ਭਿੜਨ ਕੇ ਚਾਇ॥**
**ਲਸਕਨਿ ਤੇਗਾਂ ਬਰਛੀਆਂ ਸੂਰਜੁ ਨਦਰਿ ਨ ਪਾਇ॥੬॥**

***ਭਾਵਾਰਥ:–*** (ਰੋਹਲੇ) ਗੁੱਸੈਲੇ ਰਾਖਸ਼ (ਖੇਤ) ਮੈਦਾਨੇ ਜੰਗ ਨੂੰ ਲੜਨ ਦੇ ਸ਼ੌਕ ਨਾਲ ਆ ਗਏ। ਤਲਵਾਰਾਂ ਅਤੇ ਬਰਛੀਆਂ ਚਮਕਦੀਆਂ ਸਨ ਕਿ ਸੂਰਜ ਵੀ ਨਿਗ੍ਹਾ ਨਹੀਂ ਆ ਸਕਦਾ ਸੀ (ਭਾਵ ਆਸਮਾਨ ਵਿੱਚ ਤਲਵਾਰਾਂ ਆਦਿ ਸ਼ਸਤਰ ਹੀ ਛਾਏ ਹੋਏ ਸਨ)॥੬॥

**ਪਉੜੀ॥**

**ਦੁਹਾ ਕੰਧਾਰਾ ਮੁਹਿ ਜੁੜੇ ਢੋਲ ਸੰਖ ਨਗਾਰੇ ਬੱਜੇ॥**
**ਰਾਕਸਿ ਆਏ ਰੋਹਲੇ ਤਰਵਾਰੀ ਬਖਤਰ ਸੱਜੇ॥**
**ਜੁੱਟੇ ਸਉਹੇ ਜੁੱਧ ਨੂੰ ਇਕਿ ਜਾਤ ਨ ਜਾਣਨ ਭੱਜੇ॥**
**ਖੇਤ ਅੰਦਰਿ ਜੋਧੇ ਗੱਜੇ॥੭॥**

***ਭਾਵਾਰਥ:–*** ਦੋਹਾਂ (ਕੰਧਾਰਾ) ਫ਼ੌਜਾਂ ਦਿਆਂ ਧੜਿਆਂ ਦੇ ਮੂੰਹ (ਜੁੜੇ) ਆਹਮੋ-ਸਾਹਮਣੇ ਹੋ ਗਏ, ਢੋਲ, ਸੰਖ ਅਤੇ ਨਗਾਰੇ ਵੱਜ ਪਏ। ਤਲਵਾਰਾਂ ਅਤੇ (ਬਖਤਰ) ਸੰਜੋਆਂ ਸਜਾਏ ਹੋਏ ਗੁੱਸੈਲ ਰਾਖਸ਼ ਆ ਗਏ। ਸਾਹਮਣੇ ਹੋ ਕੇ ਜੰਗ ਨੂੰ ਜੁੜਨ ਤੋਂ (ਇਕ) ਕੇਵਲ ਭੱਜਣ ਦੀ ਹੀ ਜਾਤ ਨਹੀਂ ਜਾਣਦੇ (ਹੋਰ ਸਭ ਕੁਝ ਜਾਣਦੇ ਨੇ)। ਮੈਦਾਨੇ (ਜੰਗ) ਵਿੱਚ ਯੋਧੇ ਗੱਜ ਉੱਠੇ॥੭॥

**ਪਉੜੀ॥**

**ਜੰਗ ਮੁਸਾਫਾ ਬੱਜਿਆ ਰਣ ਘੁਰੇ ਨਗਾਰੇ ਚਾਵਲੇ॥**
**ਝੂਲਣ ਨੇਜੇ ਬੈਰਕਾ ਨੀਸਾਣ ਲਸਨਿ ਲਸਾਵਲੇ॥**

---

[1] ਪਾਠ- ਓਹੋ

[2] ਏਸ ਪਉੜੀ ਦਾ ਸਮੁੱਚਾ ਕੋਈ ਨਿਯਮ ਨਹੀਂ ਬਣਦਾ। ਪਹਿਲੀਆਂ ਦੋ ਤੁਕਾਂ ਦਾ ਅਨੁਪ੍ਰਾਸ ਵੀ ਕਿਤੇ ਨਹੀਂ ਮਿਲਦਾ, ਮਾਤਰਾ ਦੀ ਗਿਣਤੀ ਅਤੇ ਵਿਸ਼ਰਾਮਾਂ ਦਾ ਵੀ ਸਮ ਰੂਪ ਨਹੀਂ ਹੈ।

**ਢੋਲ ਨਗਾਰੇ ਪਉਣ ਦੇ ਊਂਘਨ ਜਾਣੁ ਜਟਾਵਲੇ॥**
**ਦੁਰਗਾ ਦਾਨੋ ਡਹੇ ਰਣ ਨਾਦ ਵੱਜਨ ਖੇਤ ਭੀਹਾਵਲੇ॥**
**ਬੀਰ ਪਰੋਤੇ ਬਰਛੀਏਂ ਜਣੁ ਡਾਲ ਚਮੁੱਟੇ ਆਵਲੇ॥**
**ਇਕ ਵਢੇ ਤੇਗੀਂ ਤੜਫੀਅਨ ਮਦ ਪੀਤੇ ਲੋਟਨਿ ਬਾਵਲੇ॥**
**ਇਕ ਚੁਣਿ ਚੁਣਿ ਝਾੜਉ ਕਢੀਅਨ[1] ਰੇਤ ਵਿਚੋਂ ਸੁਇਨਾ ਡਾਵਲੇ॥**
**ਗਦਾ ਤ੍ਰਿਸੂਲਾਂ ਬਰਛੀਆਂ[2] ਤੀਰ ਵੱਗਨ ਖਰੇ ਉਤਾਵਲੇ॥**
**ਜਣੁ ਡਸੇ ਭੁਜੰਗਮ ਸਾਵਲੇ॥**
**ਮਰ ਜਾਵਨ ਬੀਰ ਰੁਹਾਵਲੇ॥੮॥**

***ਭਾਵਾਰਥ:–*** (ਜੰਗ ਮੁਸਾਫਾ) ਲੜਾਈ ਦਾ ਘੰਟਾ ਵੱਜ ਪਿਆ ਅਤੇ (ਰਣ) ਜੰਗ ਦਾ (ਚਾਵਲੇ) ਚਾਅ ਰੱਖਣ ਵਾਲਿਆਂ ਦੇ (ਨਗਾਰੇ) ਗੁੱਰਰਾਏ। ਨੇਜੇ ਅਤੇ (ਬੈਰਕਾਂ) ਝੰਡੀਆਂ ਝੁਲਦੀਆਂ ਹਨ ਅਤੇ (ਲਸਾਵਲੇ) ਚਮਕੀਲੇ ਝੰਡੇ ਚਮਕਦੇ ਹਨ। ਢੋਲ ਅਤੇ ਨਗਾਰੇ (ਪਉਣ ਦੇ) ਭੂਤ ਪ੍ਰੇਤ ਰੂਪ ਪਉਣ ਨੂੰ ਦੇਂਦੇ ਹਨ ਅਤੇ (ਜਾਣੁ) ਮਾਨੋ ਕਿ (ਜਟਾ ਵਾਲੇ) ਯੋਗੀ ਊਂਘਦੇ ਹਨ। ਦੁਰਗਾ ਅਤੇ ਦੈਂਤ ਜੰਗ ਨੂੰ ਜੁੱਟ ਪਏ, ਮੈਦਾਨੇ ਜੰਗ ਵਿੱਚ (ਭੀਹਾਵਲੇ) ਡਰਾਉਣੇ ਵਾਜੇ ਵੱਜਦੇ ਹਨ। ਕਈ ਕਈ ਯੋਧੇ ਬਰਛੀਆਂ ਵਿੱਚ ਪਰੋਏ ਪਏ ਹਨ ਮਾਨੋ ਕਿ ਡਾਲੀ ਨਾਲ ਔਲੇ ਚੰਬੜੇ ਹੋਏ ਹਨ। ਕਈ ਤਲਵਾਰਾਂ ਨਾਲ ਵੱਢੇ ਹੋਏ ਤੜਫਦੇ ਹਨ (ਮਾਨੋ ਕਿ) (ਬਾਵਲੇ) ਮਸਤ ਲੋਕ ਸ਼ਰਾਬ ਪੀਤਿਆਂ ਹੋਇਆਂ ਤੋਂ ਲੋਟਣੀਆਂ ਖਾਂਦੇ ਹਨ। ਕਈ (ਝਾੜਉ) ਗਰੋਹਾਂ ਵਿੱਚੋਂ ਚੁਣ-ਚੁਣ ਕੇ ਕੱਢੇ ਜਾਂਦੇ ਨੇ, ਜਿਵੇਂ ਕਿ ਰੇਤ ਵਿੱਚੋਂ (ਡਾਵਲੇ) ਨਜਾਰੀਏ ਸੋਨਾ ਕੱਢਦੇ ਹਨ। ਗਦਾਵਾਂ, ਤ੍ਰਿਸ਼ੂਲਾਂ, ਬਰਛੀਆਂ ਅਤੇ ਤੀਰ (ਖਰੇ) ਬਹੁਤ (ਉਤਾਵਲੇ) ਛੇਤੀ-ਛੇਤੀ (ਵੱਗਨ) ਫਿਰਦੇ ਹਨ। ਮਾਨੋ ਕਿ ਕਾਲੇ ਸੱਪ ਡੰਗ ਮਾਰਦੇ ਹਨ। (ਜਿਸ ਤੋਂ) (ਰੁਹਾਵਲੇ) ਗੁੱਸੈਲ ਯੋਧੇ ਮਰਦੇ ਜਾਂਦੇ ਹਨ॥੮॥

**ਪਉੜੀ॥**
**ਦੇਖਨ ਚੰਡ ਪ੍ਰਚੰਡ ਨੂੰ ਰਣ ਘੁਰੇ ਨਗਾਰੇ॥**
**ਧਾਏ ਰਾਕਸਿ ਰੋਹਲੇ ਚਉਗਿਰਦੋਂ ਭਾਰੇ॥**
**ਹੱਥੀਂ ਤੇਗਾਂ ਪਕੜ ਕੈ ਰਣ ਭਿੜੇ ਕਰਾਰੇ॥**
**ਕਦੇ ਨ ਨੱਠੇ ਜੁੱਧ ਤੇ ਜੋਧੇ ਜੁਝਾਰੇ॥**
**ਦਿਲ ਵਿਚ ਰੋਹ ਬਢਾਇਕੈ ਮਾਰ ਮਾਰ ਪੁਕਾਰੇ॥**
**ਮਾਰੇ ਚੰਡ ਪ੍ਰਚੰਡ ਨੈ ਬੀਰ ਖੇਤ ਉਤਾਰੇ॥**
**ਮਾਰੇ ਜਾਪਨ ਬਿਜੁਲੀ ਸਿਰ ਭਾਰ ਮੁਨਾਰੇ॥੯॥**

---

[1] ਪਾਠ- ਝਾੜਉ ਤੇ ਕਢੀਅਹਿ
[2] ਪਾਠ- ਸੈਹਥੀਆਂ

***ਭਾਵਾਰਥ:-*** (ਚੰਡ ਪ੍ਰਚੰਡ) ਮਹਾਨ ਤੇਜ਼ੀ ਭਾਵ ਕ੍ਰੋਧਨਿ ਚੰਡਿਕਾ ਨੂੰ ਵੇਖਣ ਲਈ ਜੰਗੀ ਨਗਾਰੇ ਵੱਜੇ। ਭਾਰੇ (ਰੋਹਲੇ) ਗੁੱਸੈਲ ਰਾਖਸ਼ ਚਹੁੰ ਪਾਸਿਓਂ ਹੀ ਦੌੜ ਆਏ। (ਕਰਾਰੇ) ਚੰਗੀ ਤਰ੍ਹਾਂ ਭਾਵ ਮਜ਼ਬੂਤੀ ਨਾਲ ਹੱਥਾਂ ਵਿੱਚ ਖੜਗਾਂ ਫੜ੍ਹ ਕੇ ਜੰਗ ਵਿੱਚ ਲੜੇ। ਲੜਾਕੇ ਯੋਧੇ ਐਹੋ ਜਿਹੇ ਨੇ ਕਿ ਕਦੇ ਵੀ ਜੰਗ ਤੋਂ ਨਹੀਂ ਭੱਜੇ ਸਨ। ਦਿਲ ਵਿੱਚ ਗੁੱਸਾ ਵਧਾ ਕੇ ਮਾਰ ਲਉ ਮਾਰ ਲਉ ਹੀ ਬੋਲਦੇ ਸਨ। ਜੋ (ਚੰਡ ਪ੍ਰਚੰਡ) ਮਹਾਨ ਤੇਜ਼ ਵਾਲੀ ਭਾਵ ਦੁਰਗਾ ਨੇ ਮਾਰ ਕੇ (ਬੀਰ) ਸੂਰਮਿਆਂ ਨੂੰ (ਖੇਤ) ਮੈਦਾਨੇ ਜੰਗ ਵਿੱਚ (ਉਤਾਰੇ) ਲਿਟਾ ਦਿੱਤੇ। (ਜਾਪਨ) ਮਾਲੂਮ ਪੈਂਦੇ ਹਨ (ਮਾਨੋ ਕਿ) ਬਿਜਲੀ ਨੇ ਮੁਨਾਰਿਆਂ ਨੂੰ ਸਿਰ ਪਰਨੇ (ਮਾਰੇ) ਸੁੱਟ ਦਿੱਤਾ ਹੈ॥੯॥

**ਪਉੜੀ॥**
**ਚੋਟ ਦਮਾਮੇ ਪਾਈ[੧] ਦਲਾਂ ਮੁਕਾਬਲਾ॥**
**ਦੇਵੀ ਦਸਤ ਨਚਾਈ ਸੀਹਣਿ ਸਾਰ ਦੀ॥**
**ਪੇਟ ਮਲੰਦੇ[੨] ਲਾਈ ਮਹਿਖੇ ਦੈਤਜ ਨੂ॥**
**ਗੁਰਦੇ ਆਂਦਾ ਖਾਈ ਨਾਲੇ ਰੁਕੜੇ॥**
**ਜੇਹੀ ਦਿਲ ਵਿਚ ਆਈ ਕਹੀ ਸੁਣਾਇ ਕੈ॥**
**ਚੋਟੀ ਜਾਣੁ ਦਿਖਾਈ ਤਾਰੇ ਧੂਮਕੇਤੁ॥੧੦॥**

***ਭਾਵਾਰਥ:-*** ਨਗਾਰੇ ਤੇ ਸੱਟ (ਪਾਈ) ਮਾਰੀ (ਜਿਸ ਤੋਂ) ਫ਼ੌਜਾਂ ਦਾ ਆਹਮੋ-ਸਾਹਮਣਾ ਹੋ ਗਿਆ। ਦੇਵੀ ਨੇ ਹੱਥ ਵਿੱਚ (ਸਾਰ) ਲੋਹੇ ਦੀ (ਸੀਹਣਿ) ਬਰਛੀ ਜਾਂ ਤਲਵਾਰ (ਨਚਾਈ) ਲਿਸ਼ਕਾਈ। ਪੇਟ ਮਲਦੇ ਮਹਿਖਾਸੁਰ ਨੂੰ ਮਾਰ ਦਿੱਤੀ। ਗੁਰਦੇ, ਆਂਦਰਾਂ ਅਤੇ (ਰੁਕੜੇ) ਬੋਟੀਆਂ ਨੂੰ ਵੀ ਨਾਲ ਹੀ ਖਾ ਗਈ। (ਉਸ ਦੀ ਸੋਭਾ) ਜਿਹੋ ਜਿਹੀ ਮੇਰੇ ਦਿਲ ਵਿੱਚ ਆਈ ਹੈ (ਉਹੋ ਜਿਹੀ ਹੀ) ਸੁਣਾ ਕੇ ਕਹਿ ਦਿੱਤੀ ਹੈ। ਮਾਨੋ ਕਿ (ਧੂਮ੍ਰਕੇਤੁ) ਤਾਰੇ ਨੇ (ਚੋਟੀ) ਬੋਦੀ ਵਿਖਾਈ ਹੈ॥੧੦॥

**ਪਉੜੀ॥**
**ਚੋਟਾਂ ਪਾਵਨ ਮਾਰੀ[੩] ਅਣੀਆਂ ਜੁੱਟੀਆਂ॥**
**ਧੂਹ ਲਈਆਂ ਤਰਵਾਰੀ ਦੇਵਾਂ ਦਾਨਵੀ॥**

---

[੧] ਇਹ ਪਾਠ ਸ੍ਰੀ ਮਨੀ ਸਿੰਘ ਜੀ ਦੀ ਬੀੜ ਚੋਂ ਸ਼ੁੱਧ ਸਮਝ ਕੇ ਲਿਆ ਗਿਆ ਹੈ ਸਾਰੀ ਪਾਉੜੀ ਵਿੱਚ ਹੀ 'ਮਧਯ ਅਨੁਪ੍ਰਾਸ ਦੀ ਸਮਤਾ' ਦਾ ਨਿਯਮ ਹੈ। ਏਸ ਪਾਉੜੀ ਦਾ ਪ੍ਰੈੱਸ ਵਿੱਚ ਆਇਆ ਹੋਇਆ ਪਾਠ 'ਚੋਟ ਪਈ ਦਮਾਮੇ ਦਲਾਂ ਮੁਕਾਬਲਾ' ਹੋਰ ਤੁਕਾਂ ਦੇ ਮੁਕਾਬਲੇ ਤੇ ਮਧਯ ਅਨੁਪ੍ਰਾਸ ਦੀ ਸਮਤਾ ਵਾਲਾ ਨਹੀਂ ਹੈ। ਏਸ ਵਾਸਤੇ ਹੀ ਇਹ ਅਸ਼ੁੱਧ ਹੈ।

[੨] ਸ੍ਰ. ਭ. ਕਾਨ੍ਹ ਸਿੰਘ ਜੀ ਨੇ 'ਮਲੰਦੇ' ਦਾ ਅਰਥ 'ਬਕਵਾਸੀ' ਕੀਤਾ ਹੈ। ਸੰਪ੍ਰਦਾਯਕ ਕਹਿੰਦੇ ਹਨ ਕਿ ਮਹਿਖਾਸੁਰ ਨੇ ਸੰਜੋਅ ਪਹਿਨੀ ਹੋਈ ਸੀ ਜਿਸ ਤੋਂ ਕੋਈ ਸਸ਼ਤ੍ਰ ਨਹੀਂ ਲੱਗ ਸਕਦਾ ਸੀ ਅਚਾਨਕ ਖੁਰਕ ਹੋਈ ਤਾਂ ਉਹ ਢਿੱਡ ਮਲਣ ਲੱਗ ਪਿਆ, ਏਧਰੋਂ ਦੁਰਗਾ ਨੇ ਬਰਛੀ ਮਾਰ ਦਿੱਤੀ।

[੩] ਇਹ ਪਾਠ ਸ੍ਰੀ ਮਨੀ ਸਿੰਘ ਜੀ ਵਾਲੀ ਬੀੜ ਤੋਂ ਲਿਆ ਹੈ, ਮਧਯ ਅਨੁਪ੍ਰਾਸ ਦੇ ਮੇਲ ਨਾਲ ਮਿਲਾਉਣ ਤੋਂ ਇਹ ਸ਼ੁੱਧ ਦਿਸ ਰਿਹਾ ਹੈ, ਪ੍ਰੈਸਾਂ ਵਿਚ ਆਈ ਬੀੜ ਦਾ ਪਾਠ 'ਚੋਟਾਂ ਪਵਨ ਨਗਾਰੇ' ਮਧਯ ਅਨੁਪ੍ਰਾਸ ਦੇ ਮੇਲ ਨਾਲ ਸਮ ਨਹੀਂ ਬਹਿੰਦਾ ਜਿਸ ਤੋਂ ਇਹ ਅਸ਼ੁੱਧ ਦਿਸ ਰਿਹਾ ਹੈ।

**ਵਾਹਨ ਵਾਰੋ ਵਾਰੀ ਸੂਰੇ ਸੰਘਰੇ॥**
**ਵਗੈ ਰਤੁ ਝਲਾਰੀ[1] ਜਿਉਂ ਗੇਰੂ ਬਾਬਤ੍ਰਾ[2]॥**
**ਦੇਖਨ ਬੈਠ ਅਟਾਰੀ ਨਾਰੀ ਰਾਕਸਾਂ॥**
**ਪਾਈ ਧੂਮਿ ਸਵਾਰੀ ਦੁਰਗਾ ਦਾਨਵੀ॥੧੧॥**

***ਭਾਵਾਰਥ:–*** (ਮਾਰੀ) ਮਾਰੂਆਂ ਨਗਾਰਿਆਂ ਤੇ ਚੋਟਾਂ (ਪਾਵਨ) ਮਾਰਦੀਆਂ ਹੋਈਆਂ (ਅਣੀਆਂ) ਫ਼ੌਜਾਂ ਜੁੱਟ ਪਈਆਂ। ਦੇਵਤਿਆਂ ਅਤੇ ਦੈਂਤਾਂ ਨੇ ਤਲਵਾਰਾਂ ਖਿੱਚ ਲਈਆਂ। (ਸੰਘਰੇ) ਮੈਦਾਨੇ ਜੰਗ ਦੇ ਯੋਧੇ ਵਾਰੋ ਵਾਰੀ ਚਲਾਉਂਦੇ ਹਨ। ਲਹੂ ਦੀਆਂ ਝਲਾਰਾਂ (ਵੱਗੇ) ਚਲਦੀਆਂ ਹਨ, ਜਿਵੇਂ (ਗੇਰੂ ਬਾਬਤ੍ਰਾ) ਪਹਾੜ ਦੇ ਝਰਨੇ ਹੁੰਦੇ ਹਨ। ਰਾਖਸ਼ਾਂ ਦੀਆਂ ਔਰਤਾਂ (ਅਟਾਰੀ) ਚੁਬਾਰਿਆਂ ਜਾਂ ਦੁਮੰਜਲੇ ਜਾਂ ਤਿੰਨ ਮੰਜਲੇ ਚੁਬਾਰਿਆਂ ਵਿੱਚ ਬੈਠ ਕੇ (ਜੰਗ) ਵੇਖਦੀਆਂ ਹਨ। ਕਿ ਦੁਰਗਾ ਅਤੇ ਦੈਂਤਾਂ ਦਿਆਂ ਅਸਵਾਰਾਂ (ਅਸਵਾਰੀਆਂ) ਨੇ (ਧੂਮਿ) ਧੂੰਮ ਪਾਈ ਹੋਈ ਹੈ॥੧੧॥

**ਪਉੜੀ॥**
**ਲੱਖ ਨਗਾਰੇ ਵੱਜਨ ਆਮ੍ਹੋ ਸਾਮ੍ਹਣੇ॥**
**ਰਾਕਸ ਰਣੋ ਨ ਭੱਜਣ ਰੋਹੇ ਰੋਹਲੇ॥**
**ਸੀਹਾਂ ਵਾਂਗੂੰ ਗੱਜਨ ਸੱਭੇ ਸੂਰਮੇ॥**
**ਤਣਿ ਤਣਿ ਕੈਬਰ ਛੱਡਣ ਦੁਰਗਾ ਸਾਮਣੇ॥੧੨॥**

***ਭਾਵਾਰਥ:–*** ਲੱਖਾਂ ਹੀ ਨਗਾਰੇ ਆਹਮੋ–ਸਾਹਮਣੇ ਵੱਜਦੇ ਹਨ (ਰੋਹੇ ਰੋਹਲੇ) ਗੁੱਸੇ ਨਾਲ ਭਰੇ ਹੋਏ ਦੈਂਤ ਰਣ ’ਚੋਂ ਭੱਜਦੇ ਨਹੀਂ ਹਨ। ਸਾਰੇ ਯੋਧੇ ਸ਼ੇਰਾਂ ਵਾਂਗ ਗੱਜਦੇ ਹਨ। (ਦੁਰਗਾ) ਚੰਡਿਕਾ ਦੇ ਸਾਮ੍ਹਣੇ ਖਿੱਚ–ਖਿੱਚ ਕੇ (ਕੈਂਬਰ) ਤੀਰ ਛੱਡਦੇ ਹਨ॥੧੨॥

**ਪਉੜੀ॥**
**ਘੁਰੇ ਨਗਾਰੇ ਦੋਹਰੇ ਰਣ ਸੰਗਲਿਆਲੇ॥**
**ਧੂੜਿ ਲਪੇਟੇ ਧੂਹਰੇ ਸਿਰਦਾਰ ਜਟਾਲੇ॥**
**ਉੱਖਲੀਆਂ ਨਾਸਾਂ ਜਿਨਾ ਮੁਹਿ ਜਾਪਨ ਆਲੇ॥**
**ਧਾਏ ਦੇਵੀ ਸਾਹਮਣੇ ਬੀਰ ਮੁੱਛਲਿਆਲੇ॥**
**ਸੁਰਪਤਿ ਜੇਹੇ ਲੜ ਹਟੇ ਬੀਰ ਟਲੇ ਨ ਟਾਲੇ॥**
**ਗੱਜੇ ਦੁਰਗਾ ਘੇਰਿ ਕੈ ਜਣੁ ਘਣੀਅਰ ਕਾਲੇ॥੧੩॥[3]**

---

[1] ਪਾਠ– ‘ਭੁਲਾਰੀ’ ਅਸ਼ੁੱਧ ਹੈ।

[2] ਪਾਠ– ਬਾਬਤਰੇ

[3] ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪਉੜੀਆਂ ਦੀਆਂ ਤੁਕਾਂ ਦੀ ਗਿਣਤੀ ਦਾ ਖ਼ਾਸ ਨਿਯਮ ਹੈ, ਲਿਖਾਰੀ ਨੂੰ ਜਿਥੋਂ ਪਾਠ ਵੱਧ ਘੱਟ ਮਿਲੇ ਹੋਏ ਹਨ, ਓਥੇ ਹੀ ਇਹ ਕ੍ਰਮ ਭੰਗ ਹੋਇਆ ਹੈ, ਸਭ ਥਾਂ ਨਹੀਂ। ਜਿਸ ਤੋਂ ਸਿੱਟਾ ਇਹ ਨਿਕਲਦਾ

***ਭਾਵਾਰਥ:–*** (ਦੋਹਰੇ) ਦੋਹਰੀ ਚੋਬ ਨਾਲ ਵਜਾਏ ਹੋਏ ਅਤੇ (ਰਣ ਸੰਗਲੀਆਲੇ) ਰਣ ਸਿੰਗਿਆਂ ਦੇ ਨਾਲ ਵਾਲੇ ਨਗਾਰੇ (ਘੁਰੇ) ਵੱਜੇ। (ਜਟਾਲੇ) ਜਟਾਂ ਵਾਲੇ ਸਰਦਾਰ ਭਾਵ ਦੈਂਤ ਗਰਦ ਨੇ ਲਪੇਟ ਕੇ (ਧੂਹਰੇ) ਮਟਿਆਲੇ (ਰੰਗ) ਦੇ ਬਣਾਏ ਹੋਏ ਹਨ। ਜਿਨ੍ਹਾਂ ਦੀਆਂ ਨਾਸਾਂ ਉੱਖਲੀਆਂ ਅਤੇ ਮੂੰਹ ਆਲਿਆਂ ਵਾਂਗ (ਜਾਪਨ) ਦਿਸਦੇ ਹਨ। ਮੁੱਛਾਂ ਵਾਲੇ ਯੋਧੇ ਦੇਵੀ (ਦੁਰਗਾ) ਦੇ ਸਾਮ੍ਹਣੇ ਦੌੜੇ। (ਸੁਰਪਤਿ) ਇੰਦਰ ਵਰਗੇ ਵੀ ਲੜ ਕੇ ਹਟ ਗਏ ਸਨ ਪਰ ਯੋਧੇ (ਕਿਸੇ ਤਰ੍ਹਾਂ ਵੀ ਜੰਗ ਵੱਲੋਂ) ਟਾਲੇ ਨਹੀਂ ਟਲੇ ਸਨ। (ਜਣੁ) ਮਾਨੋ ਕਿ ਦੁਰਗਾ ਨੂੰ ਕਾਲੇ (ਘਣੀਅਰ) ਬੱਦਲ ਘੇਰ ਕੇ ਗੱਜੇ ਹਨ॥੧੩॥

**ਪਉੜੀ॥**

**ਚੋਟ ਪਈ ਖਰਚਾਮੀ[੧] ਦਲਾ ਮੁਕਾਬਲਾ॥**
**ਘੇਰ ਲਈ ਵਰਿਆਮੀ ਦੁਰਗਾ ਆਇ ਕੈ॥**
**ਰਾਕਸ ਵਡੇ ਅਲਾਮੀ ਭੱਜ ਨ ਜਾਣਦੇ॥**
**ਅੰਤ ਹੋਏ ਸੁਰਗਾਮੀ ਮਾਰੇ ਦੇਵਤਾ॥੧੪॥**

***ਭਾਵਾਰਥ:–*** (ਖਰ) ਖੋਤੇ ਦੇ (ਚਾਮੀ) ਚੰਮ ਵਾਲਿਆਂ (ਨਗਾਰਿਆਂ) ਤੇ ਸੱਟ (ਚੋਬ) ਵੱਜੀ ਕਿ ਫ਼ੌਜਾਂ ਦਾ ਆਹਮੋ-ਸਾਹਮਣਾ ਹੋ ਗਿਆ ਹੈ। (ਵਰਿਆਮੀ) ਬਹਾਦਰਾਂ ਨੇ ਆ ਕੇ ਦੁਰਗਾ ਘੇਰ ਲਈ। ਰਾਖਸ਼ ਬਹੁਤ (ਅਲਾਮੀ) ਯੁੱਧ ਵਿੱਦਿਆ ਵਿੱਚ ਹੁਸ਼ਿਆਰ ਸਨ, ਜੋ ਭੱਜਣ ਨਹੀਂ ਜਾਣਦੇ ਸਨ। (ਦੇਵਤਾਂ) ਦੇਵੀ ਦੁਰਗਾ ਦੇ ਮਾਰੇ ਹੋਏ ਆਖਰ (ਸੁਰਗਾਮੀ) ਸਵਰਗ ਗਾਮੀ ਹੋ ਗਏ ਹਨ॥੧੪॥

**ਪਉੜੀ॥**

**ਅਗਣਿਤ ਘੁਰੇ ਨਗਾਰੇ ਦਲਾਂ ਭਿੜੰਦਿਆਂ॥**
**ਪਾਏ ਮਹਖਲ ਭਾਰੇ ਦੇਵਾਂ ਦਾਨਵਾਂ॥**
**ਵਾਹਨ ਫੱਟ ਕਰਾਰੇ ਰਾਕਸਿ ਰੋਹਲੇ॥**
**ਜਾਪਨ ਤੇਗੀ[੨] ਆਰੇ ਮਿਆਨੋ ਧੂਹੀਆਂ॥**
**ਜੋਧੇ ਵਡੇ ਮੁਨਾਰੇ ਜਾਪਨ ਖੇਤ ਵਿਚਿ॥**
**ਦੇਵੀ ਆਪ ਸਵਾਰੇ ਪੱਬਾ ਜਵੇਹਣੇ[੩]॥**
**ਕਦੇ ਨ ਆਖਨ ਹਾਰੇ ਧਾਵਨ ਸਾਮ੍ਹਣੇ॥**

---

ਹੈ ਕਿ ਸਤਿਗੁਰਾਂ ਨੇ ਠੀਕ ਨਿਯਮਾਂ ਦੇ ਅਨੁਸਾਰ ਹੀ ਰਚਨਾ ਕੀਤੀ ਹੈ। ਪਰ ਚੰਡੀ ਦੀ ਵਾਰ ਵਿੱਚੋਂ ਇਹ ਕ੍ਰਮ ਨਹੀਂ ਮਿਲਦਾ।

[੧] ਸੰਪ੍ਰਦਾਇਕ ਗਿਆਨੀ 'ਖਰਚਾਮੀ' ਦਾ ਅਰਥ 'ਗਧੇ ਦੇ ਚੰਮ ਨਾਲ ਮੜਿਆ ਹੋਇਆ ਨਗਾਰਾ' ਕਰਦੇ ਹਨ, ਪਰੰਤੂ ਕਿਸੇ ਹੋਰ ਗ੍ਰੰਥ 'ਚੋਂ ਇਹ ਲੇਖ ਨਹੀਂ ਮਿਲਦਾ ਕਿ ਗਧੇ ਦੇ ਚੰਮ ਦਾ ਵੀ ਨਗਾਰਾ ਮੜ੍ਹਿਆ ਜਾਂਦਾ ਸੀ। ਹਾਂ, ਗਧੇ ਉੱਤੇ ਨਗਾਰੇ ਲੱਦੇ ਜ਼ਰੂਰ ਜਾਂਦੇ ਸਨ। ਸ੍ਰ. ਬ. ਕਾਨ੍ਹ ਸਿੰਘ ਜੀ ਨੇ (ਖਰ) ਡੰਡਾ ਅਤੇ (ਚਾਮੀ) ਨਗਾਰਾ ਅਰਥ ਕੀਤਾ ਹੈ, ਵੇਖੋ ਮਹਾਨ ਕੋਸ਼ ਵਿੱਚੋਂ 'ਖਰਚਾਮ' ਸ਼ਬਦ।

[੨] ਪਾਠ- ਤੇਗਾਂ,

[੩] ਪਾਠ- ਜੇਵਹੇ,

**ਦੁਰਗਾ ਸਭ[1] ਸੰਘਾਰੇ ਰਾਕਸਿ ਖੜਗ ਲੈ॥੧੫॥**

***ਭਾਵਾਰਥ:-*** ਫ਼ੌਜਾਂ ਦੇ ਲੜਦਿਆਂ ਹੀ ਬੇਗਿਣਤ ਨਗਾਰੇ (ਘੁਰੇ) ਵੱਜੇ। (ਰੋਹਲੇ) ਗੁੱਸੈਲ ਰਾਖਸ਼ (ਕਰਾਰੇ) ਬਹੁਤ (ਫੱਟ) ਚੋਟਾਂ (ਵਾਹਨ) ਮਾਰਦੇ ਹਨ। ਮਿਆਨਾਂ ਵਿੱਚੋਂ ਧੂਹੀਆਂ ਤਲਵਾਰਾਂ ਆਰਿਆਂ ਵਾਂਗ ਮਾਲੂਮ ਪੈਂਦੀਆਂ ਹਨ। ਮੈਦਾਨੇ ਜੰਗ ਵਿੱਚ ਯੋਧੇ ਮਹਾਨ ਮੁਨਾਰੇ ਪ੍ਰਤੀਤ ਹੁੰਦੇ ਹਨ। ਦੇਵੀ ਨੇ (ਪੱਬਾਂ) ਪਹਾੜਾਂ (ਜਵੇਹਣੇ) ਵਰਗੇ ਦੈਂਤ ਆਪ (ਸਵਾਰੇ) ਮਾਰੇ। ਜਦੋਂ ਦੈਂਤ ਸਾਹਮਣੇ (ਧਾਵਨ) ਦੌੜ ਕੇ ਆ ਜਾਂਦੇ ਨੇ ਤਾਂ 'ਕਦੇ ਹਾਰੇ ਹੋਏ ਹਾਂ' ਨਹੀਂ ਆਖਦੇ। (ਦੁਰਗਾ) ਚੰਡਿਕਾ ਨੇ ਤਲਵਾਰ ਲੈ ਕੇ ਸਾਰੇ ਦੈਂਤ ਮਾਰ ਦਿੱਤੇ॥੧੫॥

**ਪਉੜੀ॥**
**ਉੱਮਲ ਲੱਥੇ ਜੋਧੇ ਮਾਰੂ ਬੱਜਿਆ॥**
**ਬੱਦਲ ਜਿਉਂ ਮਹਿਖਾਸੁਰ ਰਣ ਵਿਚਿ ਗੱਜਿਆ॥**
**ਇੰਦਰ ਜੇਹਾ ਜੋਧਾ ਮੈਥਉ ਭੱਜਿਆ॥**
**ਕਉਣੁ ਵਿਚਾਰੀ ਦੁਰਗਾ ਜਿਨ ਰਣੁ ਸੱਜਿਆ॥੧੬॥**

***ਭਾਵਾਰਥ:-*** ਯੋਧੇ (ਉਮਲ) ਉਤਸ਼ਾਹ ਨਾਲ ਜੰਗੇ ਮੈਦਾਨ ਵਿੱਚ (ਲੱਥੇ) ਉੱਤਰ ਪਏ, (ਮਾਰੂ) ਨਗਾਰਾ ਵੱਜਿਆ। ਜੰਗੇ ਮੈਦਾਨ ਵਿੱਚ ਮਹਿਖਾਸੁਰ ਬੱਦਲ ਵਾਂਗ ਗੱਜਿਆ। ਮੈਥੋਂ ਤਾਂ ਇੰਦਰ ਵਰਗਾ ਸੂਰਮਾ ਵੀ ਭੱਜ ਗਿਆ (ਹੋਇਆ) ਹੈ। (ਦੁਰਗਾ) ਚੰਡੀ ਵਿਚਾਰੀ ਕੌਣ ਹੈ, ਜੀਹਨੇ (ਰਣੁ) ਜੰਗ (ਸੱਜਿਆ) ਅਰੰਭਿਆ ਹੈ॥੧੬॥

**ਪਉੜੀ॥**
**ਬੱਜੇ ਢੋਲ ਨਗਾਰੇ ਦਲਾਂ ਮੁਕਾਬਲਾ॥**
**ਤੀਰ ਫਿਰੇ ਰੈਬਾਰੇ ਆਮ੍ਹੋ ਸਾਮਣੇ॥**
**ਅਗਣਤ ਬੀਰ ਸੰਘਾਰੇ ਲਗਦੀ ਕੈਬਰੀ॥**
**ਡਿੱਗੇ ਜਾਣੁ ਮੁਨਾਰੇ ਮਾਰੇ ਬਿੱਜੁ ਦੇ॥**
**ਖੁੱਲੀ ਵਾਲੀਂ ਦੈਤਜ ਅਹਾੜੇ ਸਭੇ ਸੂਰਮੇ[2]॥**
**ਸੁੱਤੇ ਜਾਣੁ ਜਟਾਲੇ ਭੰਗਾਂ ਖਾਇਕੈ॥੧੭॥**

***ਭਾਵਾਰਥ:-*** ਫ਼ੌਜਾਂ ਦਾ ਮੁਕਾਬਲਾ ਹੋਣ ਲਈ ਢੋਲ ਅਤੇ ਨਗਾਰੇ ਵੱਜ ਪਏ। ਤੀਰਾਂ ਰੂਪ (ਰੈਬਾਰੇ) ਕਾਸਦ ਭਾਵ ਜਮਦੂਤ ਆਹਮੋ-ਸਾਹਮਣੇ ਏਧਰ ਓਧਰ ਫਿਰਦੇ ਹਨ। (ਕੈਬਰੀਂ) ਤੀਰਾਂ ਦੇ ਲੱਗਦਿਆਂ ਹੀ ਬਹੁਤ ਯੋਧੇ ਮਾਰੇ ਗਏ। (ਜਾਣੁ) ਮਾਨੋ ਕਿ (ਬਿੱਜੁ) ਬਿਜਲੀ (ਆਫਤ) ਦੇ ਮਾਰੇ ਹੋਏ (ਮੁਨਾਰੇ)

---

[1] ਪਾਠ- ਸਭੇ

[2] 'ਖੁਲੀ ਵਾਲੀ ਦੈਤ ਅਰਾਨੀ ਸੈ ਰੁਤੇ' ਪਾਠ ਭਾਈ ਮਨੀ ਸਿੰਘ ਜੀ ਵਾਲੀ ਬੀੜ ਵਿੱਚ ਹੈ।

ਪਹਾੜਾਂ ਦੇ ਟਿੱਲੇ ਡਿੱਗੇ ਪਏ ਹਨ। ਸਾਰੇ ਦੈਂਤ ਯੋਧੇ ਖੁੱਲ੍ਹਿਆਂ ਵਾਲਾਂ ਵਾਲੇ (ਅਹਾੜੇ) ਮੈਦਾਨੇ ਜੰਗ ਵਿੱਚ (ਮਰੇ) ਪਏ ਹਨ। ਮਾਨੋ ਕਿ (ਜਟਾਲੇ) ਯੋਗੀ ਭੰਗਾਂ (ਖਾਇ) ਖਾ ਕੇ ਸੁੱਤੇ ਪਏ ਹਨ॥੧੭॥

**ਪਉੜੀ॥**

**ਦੁਹਾਂ ਕੰਧਾਰਾ ਮੁਹਿ ਜੁੜੇ ਨਾਲਿ ਧਉਸਾ ਭਾਰੀ॥**
**ਕੜਕ ਉਠਿਆ ਫਉਜ ਤੇ ਵਡਾ ਅਹੰਕਾਰੀ॥**
**ਲੈ ਕੇ ਚਲਿਆ ਸੂਰਮੇ ਨਾਲਿ ਵਡੇ ਹਜਾਰੀ॥**
**ਮਿਆਨੋ ਖੰਡਾ ਧੂਹਿਆ ਮਹਿਖਾਸੁਰ ਭਾਰੀ॥**
**ਉੱਮਲ ਲੱਥੇ ਸੂਰਮੇ ਮਾਰ ਮੱਚੀ ਕਰਾਰੀ॥**
**ਜਾਪੇ ਚਲੇ ਰੱਤ ਦੇ ਸਲਲੇ ਜਟਧਾਰੀ॥੧੮॥**

***ਭਾਵਾਰਥ:-*** (ਕੰਧਾਰਾਂ) ਫ਼ੌਜਾਂ ਦੀਆਂ ਦੋਹਾਂ ਸਫ਼ਾਂ ਦੇ ਮੂੰਹ (ਆਹਮੋ-ਸਾਹਮਣੇ) ਜੁੱਟ ਗਏ, ਨਾਲ ਹੀ ਭਾਰੀ ਨਗਾਰਿਆਂ ਦੇ ਵੀ ਮੂੰਹ ਜੁੜ ਗਏ। ਵੱਡਾ ਅਭਿਮਾਨੀ (ਮਹਿਖਾਸੁਰ) ਫ਼ੌਜ (ਤੇ) ਵਿੱਚੋਂ ਕੜਕ ਕੇ ਉੱਠ ਖਲੋਤਾ। ਵੱਡੇ ਅਤੇ ਹਜ਼ਾਰੀ (ਮਰਾਤਬਿਆਂ) ਵਾਲੇ ਸੂਰਮੇ ਲੈ ਕੇ ਤੁਰ ਪਿਆ। ਮਹਿਖਾਸੁਰ ਨੇ ਮਿਆਨ 'ਚੋਂ ਵੱਡਾ ਖੰਡਾ ਖਿੱਚ ਲਿਆ। ਯੋਧੇ ਮੈਦਾਨੇ ਜੰਗ ਵਿੱਚ ਉਤਸ਼ਾਹ ਨਾਲ ਉੱਤਰ ਪਏ (ਕਰਾਰ) ਤਕੜੀ ਭਾਵ ਭਿਆਨਕ (ਮਾਰ) ਲੜਾਈ ਮੱਚ ਪਈ। (ਜਾਪੇ) ਮਾਨੋ ਕਿ (ਜਟਾਧਾਰੀ) ਸ਼ਿਵ ਦੇ (ਸਲਲੇ) ਪਾਣੀ ਵਾਲੇ ਨਾਲੇ ਭਾਵ ਗੰਗਾ ਦੇ ਪ੍ਰਵਾਹ ਲਹੂ ਦੇ ਹੀ ਤੁਰ ਪਏ ਹਨ॥੧੮॥

**ਪਉੜੀ॥**

**ਸੱਟ ਪਈ ਜਮਧਾਣੀ[੧] ਦਲਾਂ ਮੁਕਾਬਲਾ॥**
**ਧੂਹਿ ਲਈ ਕ੍ਰਿਪਾਣੀ ਦੁਰਗਾ ਮਿਆਨ ਤੇ॥**
**ਚੰਡੀ ਰਾਕਸਿ ਖਾਣੀ ਵਾਹੀ ਦੈਤ ਨੂ॥**
**ਕੋਪਰ ਚੂਰ ਚਵਾਣੀ ਲਥੀ ਕਰੰਗ ਲੈ[੨]॥**
**ਪਾਖਰ ਤੁਰਾ ਪਲਾਣੀ ਰੜਕੀ ਧਰਤਿ ਜਾਇ॥**
**ਲੈਦੀ ਅਘਾ ਸਿਧਾਣੀ ਸਿੰਗਾਂ ਧਉਲ ਦਿਆਂ॥**
**ਕੂਰਮ ਸਿਰ ਲਹਿਲਾਣੀ[੩] ਦੁਸਮਨ ਮਾਰ ਕੈ॥**
**ਵੱਢੇ ਗਨ ਤਖਾਣੀ ਮੂਏ ਖੇਤ ਵਿਚ[੪]॥**
**ਰਣ ਵਿਚ ਘਤੀ ਘਾਣੀ ਲੋਹੂ ਮਿੱਝ ਦੀ॥**

---

[੧] ਪਾਠ- ਝ੍ਰਿਮਦਾਨੀ,
[੨] ਪਾਠ- ਲੱਥੀ ਕਾਨੜੇ
[੩] ਇਹ ਅਤਿ ਕਥਨੀ ਅਲੰਕਾਰ ਹੈ, ਇਸ ਨੂੰ ਅਤਯੁਕਤ ਵੀ ਕਹਿੰਦੇ ਹਨ,
[੪] ਪਾਠ- ਵੱਢੇ ਜਾਨਣ ਸੂਰਮੇ ਮੂਏ ਖੇਤ ਵਿਚ

**ਚਾਰੇ ਜੁਗ ਕਹਾਣੀ ਚੱਲਗਿ ਤੇਗ ਦੀ॥**
**ਬਿਧਣ ਖੇਤ ਵਿਹਾਣੀ ਮਹਿਖੇ ਦੈਤਜ ਨੂ॥੧੯॥**
**ਇਤੀ ਮਹਿਖਾਸੁਰ ਦੈਤ ਬਧਹਿ॥[੧]**

***ਭਾਵਾਰਥ:–*** (ਜਮਧਾਣੀ) ਨਗਾਰਿਆਂ 'ਤੇ ਚੋਟ ਪਈ, ਦਲਾਂ ਦਾ ਮੁਕਾਬਲਾ ਹੋ ਪਿਆ। ਚੰਡਿਕਾ ਨੇ ਮਿਆਨ 'ਚੋਂ ਤਲਵਾਰ ਖਿੱਚ ਲਈ। ਰਾਖਸ਼ਾਂ ਨੂੰ ਖਾਣ ਵਾਲੀ (ਤਲਵਾਰ) ਚੰਡੀ ਨੇ ਦੈਂਤ (ਮਹਿਖਾਸੁਰ) ਨੂੰ (ਵਾਹੀ) ਮਾਰੀ। (ਚਵਾਣੀ) ਗੱਲ ਕਰਦਿਆਂ ਸਾਰ ਭਾਵ ਝਟਪਟ (ਕੋਪਰ) ਖੋਪਰੀ ਨੂੰ (ਚੂਰ) ਭੰਨ ਕੇ ਅਤੇ (ਕਰੰਗ) ਧੜ ਨੂੰ ਵੀ (ਲੈ) ਨਾਸ ਕਰ ਕੇ ਹੇਠਾਂ ਜਾ ਲੱਥੀ। (ਪਾਖਰ) ਕਾਠੀ, (ਪਲਾਣੀ) ਝੁੱਲਾਂ ਅਤੇ (ਤੁਰਾ) ਘੋੜਾ ਵੱਢ ਕੇ ਜ਼ਮੀਨ ਵਿੱਚ ਜਾ ਰੜਕੀ। (ਲੈਦੀ) ਉੱਥੋਂ ਵੱਜ ਕੇ ਅੱਗੇ (ਧੌਲ) ਬੈਲ ਦਿਆਂ ਸਿੰਙਾਂ ਵੱਲ (ਸਿਧਾਣੀ) ਤੁਰ ਗਈ ਅਤੇ ਦੁਸ਼ਮਣ ਨੂੰ ਮਾਰ ਕੇ (ਕੂਰਮ) ਕੱਛੂ ਦੇ ਸਿਰ 'ਤੇ ਜਾ (ਲਹਿਲਾਣੀ) ਚਮਕੀ। ਜੋ ਆਪਣੇ ਆਪ ਨੂੰ (ਵੱਢੇ) ਵੱਡੇ (ਤਿਖਾਣੀ) ਬਹਾਦਰ ਯੋਧੇ ਗਿਣਦੇ ਸਨ, ਉਹ ਵੀ ਮੈਦਾਨੇ ਜੰਗ ਵਿੱਚ ਮਰ ਗਏ। (ਦੁਰਗਾ) ਨੇ ਜੰਗ ਵਿੱਚ ਲਹੂ ਤੇ ਮਿੱਝ ਦੀ ਘਾਣੀ ਪਾ ਦਿੱਤੀ। (ਦੁਰਗਾ ਦੀ) ਤੇਗ ਦੀ ਮਾਰ ਦੀ ਕਹਾਣੀ ਚਾਰੇ ਯੁੱਗਾਂ ਵਿੱਚ ਭਾਵ ਸਦਾ ਹੀ ਚੱਲੇਗੀ। ਮਹਿਖਾਸੁਰ ਨੂੰ ਮੈਦਾਨੇ ਜੰਗ ਵਿੱਚ (ਬਿਧਣ) ਦੁੱਖ ਦੀ ਰਾਤ ਜਾਂ ਤੀਰਾਂ ਨਾਲ ਵਿੰਨ੍ਹੇ ਜਾਣ ਜਾਂ ਵਿਧੁੰਸ ਭਾਵ ਨਾਸ ਹੋ ਜਾਣ ਵਾਲੀ ਘੜੀ (ਵਿਹਾਣੀ) ਬੀਤੀ ਭਾਵ ਆ ਗਈ ਅਰਥਾਤ ਮਹਿਖਾਸੁਰ ਮਰ ਗਿਆ॥੧੯॥

ਏਥੇ ਮਹਿਖਾਸੁਰ ਦੈਂਤ ਦੇ ਮਾਰੇ ਜਾਣ ਦਾ ਪ੍ਰਸੰਗ ਸਮਾਪਤ ਹੋ ਗਿਆ ਹੈ।

**ਅਥ ਧੂਮ੍ਰਲੋਚਨ ਆਇਆ[੨]॥**

---

[੧] ਇਹ ਪਾਠ ਭਾਈ ਮਨੀ ਸਿੰਘ ਵਾਲੀ ਬੀੜ ਵਿੱਚ ਵੀ ਹੈ।

[੨] ਇਹ ਪਾਠ ਭਾਈ ਮਨੀ ਸਿੰਘ ਜੀ ਵਾਲੀ ਬੀੜ 'ਚੋਂ ਹੀ ਲਿਆ ਗਿਆ ਹੈ। ਮੈਨੂੰ ਬਹੁਤ ਚਿਰ ਤੋਂ ਸ਼ੰਕਾ ਸੀ ਕਿ 'ਇਤਿ ਮਹਿਖਾਸੁਰ ਮਾਰੇ ਦੁਰਗਾ ਆਇਆ' ਪ੍ਰੈਸ ਦੀ ਬੀੜ ਦਾ ਪਾਠ ਕਿਵੇਂ ਲਿਖਿਆ ਗਿਆ ਹੈ? ਏਥੇ ਮਹਿਖਾਸੁਰ ਮਾਰਿਆ ਗਿਆ ਤਾਂ ਪ੍ਰਸੰਗ ਦੇ ਅਨੁਸਾਰ ਹੀ ਹੈ ਪਰੰਤੂ 'ਦੁਰਗਾ ਆਇਆ' ਪ੍ਰਕਰਣ ਤੋਂ ਬਿਲਕੁਲ ਹੀ ਉਲਟ ਹੈ ਕਿਉਂਕਿ 'ਆਇਆ' ਕਿਰਿਆ ਪੁਲਿੰਗ ਹੈ ਅਤੇ 'ਦੁਰਗਾ' ਇਸਤਰੀ ਲਿੰਗ ਹੈ, ਸ੍ਰੀ ਗੁਰੂ ਜੀ ਵਰਗਾ ਮਹਾਂ-ਵਿਦਵਾਨ ਅਜੋੜ ਜੋੜ ਕਿਵੇਂ ਥਾਪ ਸਕਦਾ ਹੈ? ਜੇ 'ਦੁਰਗਾ' ਦੁਰਗ (ਦੈਂਤ) ਦਾ ਨਾਮ ਵੀ ਮੰਨ ਲਿਆ ਜਾਵੇ ਤਾਂ ਵੀ ਅਜੋੜਪਣ ਹੀ ਹੈ ਕਿਉਂਕਿ ਦੋਹਾਂ ਚੰਡੀ ਚਰਿਤ੍ਰਾਂ ਅਤੇ ਚੰਡੀ ਦੀ ਵਾਰ ਵਿੱਚ ਵੀ ਦੁਰਗਾ ਦਾ ਪ੍ਰਸੰਗ ਹੀ ਨਹੀਂ ਹੈ, ਫੇਰ ਏਥੇ 'ਦੁਰਗਾ ਆਇਆ' ਪਾਠ ਕਿਵੇਂ ਸ਼ੁੱਧ ਹੈ? ਫੇਰ ਸਾਰੀ ਪਾਉੜੀ ਵਿੱਚ 'ਰਾਣੀ, ਜਟਾਣੀ, ਪਾਣੀ, ਪਠਾਣੀ, ਹੜਵਾਣੀ, ਇਆਣੀ' ਪਾਠ ਮਧਜ ਅਨੁਪ੍ਰਾਸ ਸਮਤਾ ਨੂੰ ਹੀ ਦੱਸਦੇ ਹਨ ਅਤੇ 'ਇਤਿ ਮਹਿਖਾਸੁਰ ਦੈਤ ਮਾਰੇ ਦੁਰਗਾ ਆਇਆ' ਵਿੱਚ 'ਚਉਦਹ ਲੋਕਾ ਰਾਣੀ ਸਿੰਘ ਨਚਾਇਆ' ਨਾਲ ਅੰਤਜਾਨੁਪ੍ਰਾਸ ਦੀ ਸਮਤਾ ਬਣਦੀ ਹੈ, ਇਹ ਵੀ ਅਜੋੜ ਜੋੜ ਬਣਦਾ ਹੈ। ਏਸ ਤੋਂ ਮੈਂ ਬਹੁਤ ਬੀੜਾਂ ਲੱਭੀਆਂ ਜਿਨ੍ਹਾਂ ਵਿੱਚੋਂ ਭਾਈ ਮਨੀ ਸਿੰਘ ਜੀ ਵਾਲੀ ਬੀੜ ਵਿੱਚੋਂ ਹੀ ਏਸ ਦੀਆਂ ਸੁਰਖੀਆਂ ਮਿਲੀਆਂ ਹਨ। ਜੋ ਐਸ ਵੇਲੇ ਰਾਜਾ ਗੁਲਾਬ ਸਿੰਘ ਜੀ ਦੇ ਸਪੁੱਤ੍ਰਾਂ ਪਾਸ ਹਨੂਮਾਨ ਰੋਡ ਕਨਾਟ ਪਲੇਸ ਦਿੱਲੀ ਵਿੱਚ ਹੈ, ਓਹੋ ਮੈਂ ਉਪਰ ਲਿਖ ਦਿੱਤੀਆਂ ਹਨ, ਜਿਸ ਤੋਂ ਸ਼ੁੱਧ ਗਿਆਨ ਹੋ ਗਿਆ ਕਿ ੧੯ ਵੀਂ ਪਾਉੜੀ ਤੋਂ ਅੱਗੇ ਜੰਗ ਦੇ ਲਿਹਾਜ਼ ਨਾਲ ਧੂਮ੍ਰਲੋਚਨ ਦਾ ਹੀ ਪ੍ਰਸੰਗ ਠੀਕ ਹੈ। ਸ੍ਰ. ਬ. ਕਾਨ੍ਹ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਵਾਲੀ ਬੀੜ ਦਾ ਜ਼ਿਕਰ ਤਾਂ ਕੀਤਾ ਹੈ ਅਤੇ ਗੁਰਮੁਖੀ ਅੱਖਰਾਂ ਦਿਆਂ ਨਮੂਨਿਆਂ ਵਿਚ ਭਾਈ ਮਨੀ ਸਿੰਘ ਜੀ ਦੀ ਬੀੜ ਦੇ ਪਤ੍ਰੇ ਦੀ ਫੋਟੋ ਵੀ ਦਿੱਤੀ ਹੋਈ ਹੈ, ਪਰੰਤੂ ਪਾਠ ਭੇਦ ਕੋਈ ਨਹੀਂ ਦਿੱਤਾ ਉਲਟਾ ਗ਼ਲਤ ਅਰਥ 'ਦੁਰਗਾ' ਸ਼ਬਦ ਦੀ ਵਿਆਖਿਆ ਕਰਦਿਆਂ ਲਿਖ ਦਿੱਤਾ ਹੈ, ਯਥਾ: ਦੁਰਗ ਅਥਵਾ

**ਪਉੜੀ॥**

**ਚਉਦਹ ਲੋਕਾਂ ਰਾਣੀ ਸਿੰਘ ਨਚਾਇਆ॥**

**ਮਾਰੇ ਬੀਰ ਜਟਾਣੀ ਦਲ ਵਿਚਿ ਅੱਗਲੇ॥**

**ਮੰਗਨ ਨਾਹੀ ਪਾਣੀ ਦਲੀ ਹੰਕਾਰ ਕੈ॥**

**ਜਣੁ ਕਰੀ ਸਮਾਇ ਪਠਾਣੀ ਸੁਣਿ ਕੈ ਰਾਗ ਨੂ॥**

**ਰਤੂ ਦੇ ਹੜਵਾਣੀ ਚੱਲੇ ਬੀਰਖੇਤ॥**

**ਪੀਤਾ ਫੁੱਲ ਇਆਣੀ ਘੂਮਨ[1] ਸੂਰਮੇ॥੨੦॥**

***ਭਾਵਾਰਥ:–*** ਹੁਣ ਧੂਮ੍ਰਲੋਚਨ ਜੰਗ ਵਿਚ ਆਉਂਦਾ ਹੈ। (ਚਉਦਹ ਲੋਕਾਂ) ਸਾਰੇ ਸੰਸਾਰ ਦੀ (ਰਾਣੀ) ਮਲਿਕਾ ਨੇ ਸ਼ੇਰ ਨੂੰ (ਨਚਾਇਆ) ਟਪਾਇਆ। (ਜਟਾਣੀ) ਸ਼ਿਵ ਦੀ ਔਰਤ ਭਾਵ ਚੰਡਿਕਾ ਨੇ ਦਲ ਦੇ (ਅੱਗਲੇ) ਮੁਹਰੈਲ ਯੋਧੇ ਮਾਰ ਦਿੱਤੇ। ਫ਼ੌਜਾਂ ਵਿੱਚ ਅਹੰਕਾਰ ਕਰਨ ਤੋਂ ਹੀ ਸੰਗਦੇ ਹੋਏ ਪਾਣੀ ਨਹੀਂ ਮੰਗਦੇ (ਵਾਸਤਵ ਵਿੱਚ ਉਨ੍ਹਾਂ ਦੇ ਬੁੱਲ੍ਹ ਸੁੱਕੇ ਹੋਏ, ਪਾਣੀ ਦੀ ਲੋੜ ਜ਼ਾਹਰ ਕਰਦੇ ਹਨ)। (ਜਣੁ) ਮਾਨੋ ਕਿ (ਪਠਾਣੀ) ਮੁਸਲਮਾਨ ਫ਼ਕੀਰਾਂ ਨੇ ਰਾਗ ਨੂੰ ਸੁਣ ਕੇ (ਸਮਾਇ) ਮਸਤੀ ਭਾਵ ਸਰੀਰ ਦੀ ਸੁੱਧ ਬੁੱਧ ਨੂੰ ਖ਼ਤਮ ਕਰ ਲੈਣ ਦੀ ਕਿਰਿਆ ਕੀਤੀ ਹੋਈ ਹੈ। (ਬਰਿਖੇਤ) ਮੈਦਾਨੇ ਜੰਗ ਵਿੱਚ ਲਹੂ ਦੇ (ਹੜਵਾਣੀ) ਨਾਲੇ ਚੱਲ ਪਏ। ਸੂਰਮੇ (ਇਆਣੀ) ਅਗਿਆਨੀਆਂ ਦੇ (ਫੁੱਲ) ਨਸ਼ੇ ਪੀਣ ਵਾਂਗ (ਘੂਮਨ) ਚੱਕਰ ਖਾਂਦੇ ਹਨ॥੨੦॥

**ਪਉੜੀ॥**

**ਹੋਈ ਅਲੋਪ ਭਵਾਨੀ ਦੇਵਾਂ ਨੂੰ ਰਾਜੁ ਦੇ॥**

**ਈਸਰ ਦੀ ਬਰਦਾਨੀ ਹੋਈ ਜਿੱਤ ਦਿਨ[2]॥**

**ਸੁੰਭ ਨਿਸੁੰਭ ਗੁਮਾਨੀ ਜਨਮੇ ਸੂਰਮੇ॥**

**ਇੰਦ੍ਰ ਦੀ ਰਜਧਾਨੀ ਤੱਕੀ ਜਿੱਤਣੀ॥੨੧॥**

***ਭਾਵਾਰਥ:–*** ਦੇਵਤਿਆਂ ਨੂੰ ਰਾਜ ਦੇ ਕੇ (ਭਵਾਨੀ) ਦੁਰਗਾ (ਅਲੋਪ) ਛਿਪ ਗਈ। ਫੇਰ ਸਮਾਂ ਪਾ ਕੇ ਜਿਸ ਦਿਨ (ਦੈਂਤ ਵੰਸ਼ ਲਈ) (ਈਸਰ) ਸ਼ਿਵ ਦੇ ਵਰ ਦੇਣ ਦੀ ਮਿਹਰ ਹੋਈ। ਤਾਂ ਸੁੰਭ ਅਤੇ ਨਿਸੁੰਭ ਅਭਿਮਾਨੀ ਯੋਧੇ (ਦੈਂਤ ਵੰਸ਼ ਵਿੱਚ) ਪੈਦਾ ਹੋ ਗਏ। (ਇਹਨਾਂ) ਇੰਦਰ ਦੀ ਰਾਜਧਾਨੀ (ਬਾਦਸ਼ਾਹਤ) ਨੂੰ ਜਿੱਤਣ ਦਾ (ਤੱਕੀ) ਖ਼ਿਆਲ ਕੀਤਾ॥੨੧॥

**ਪਉੜੀ॥**

**ਇੰਦ੍ਰਪੁਰੀ ਤੇ ਧਾਵਣਾ ਵਡ ਜੋਧੀ ਮਤਾ ਪਕਾਇਆ॥**

---

ਦੁਰਗਮ ਦੈਂਤ ਲਈ ਭੀ ਦੁਰਗਾ ਸ਼ਬਦ ਆਇਆ ਹੈ, "ਇਤਿ ਮਹਿਖਾਸੁਰ ਦੈਤ ਮਾਰੇ ਦੁਰਗਾ ਆਇਆ॥ ਚਉਦਹ ਲੋਕਾ ਰਾਣੀ ਸਿੰਘ ਨਚਾਇਆ ॥" (ਚੰਡੀ ੩) (ਦੂਜੀ ਐਡੀਸ਼ਨ ਸਫ਼ਾ ੪੯੩ ਕਾਲਮ ੧)।

[1] ਪਾਠ– ਊਘਨ

[2] ਪਾਠ– ਹੋਏ ਜਿੱਤ ਦੇਹ

**ਸੰਜ ਪਟੇਲਾ ਪਾਖਰਾ ਭੇੜ ਸੰਦਾ[1] ਸਾਜ ਬਣਾਇਆ॥**
**ਜੁੰਮੇ ਕਟਕ ਅਛੂਹਣੀ ਅਸਮਾਨ ਗਰਦੀ ਛਾਇਆ॥**
**ਰੋਹਿ ਸੁੰਭ ਨਿਸੁੰਭ ਸਿਧਾਇਆ॥੨੨॥**

***ਭਾਵਾਰਥ:–*** ਵੱਡੇ ਸੂਰਮਿਆਂ ਨੇ ਸਲਾਹ ਕਰ ਲਈ ਕਿ ਇੰਦ੍ਰਪੁਰੀ ’ਤੇ ਚੜ੍ਹਾਈ ਕਰਨੀ ਹੈ। ਸੰਜੋਆਂ, (ਪਟੇਲਾ) ਪਟੇਦਾਰ ਸੰਜੋਆਂ (ਤਲਵਾਰਾਂ) ਅਤੇ (ਪਾਖਰਾ) ਕਾਠੀਆਂ (ਘੋੜਿਆਂ ਦੀਆਂ ਸੰਜੋਆਂ (ਆਦਿਕ) ਲੜਾਈ ਦਾ ਸਮਾਨ ਬਣਾ ਲਿਆ। (ਅਛੂਹਣੀ) ਅਕਸ਼ੋਹਣੀਆਂ (ਦੀ ਗਿਣਤੀ) ਵਿੱਚ (ਕਟਕ) ਫ਼ੌਜਾਂ (ਜੁੰਮੇ) ਚੱਲੀਆਂ ਆਕਾਸ਼ ਗਰਦਸ਼ ਨਾਲ ਢੱਕਿਆ ਗਿਆ। ਗੁੱਸੇ ਨਾਲ ਸੁੰਭ ਅਤੇ ਨਿਸੁੰਭ ਚੜ੍ਹਿਆ॥੨੨॥

**ਪਉੜੀ॥**

**ਸੁੰਭ ਨਿਸੁੰਭ ਅਲਾਇਆ ਵਡ ਜੋਧੀ ਸੰਘਰ ਵਾਏ॥**
**ਰੋਹ ਦਿਖਾਲੀ ਦਿਤੀਆ ਵਰਿਆਮੀ ਤੁਰੇ ਨਚਾਏ॥**
**ਘੁਰੇ ਦਮਾਮੇ ਦੋਹਰੇ ਜਮ ਬਾਹਣ ਜਿਉਂ ਅਰੜਾਏ॥**
**ਦੇਉ ਦਾਨੋ ਲੁੱਝਣ ਆਏ॥੨੩॥**

***ਭਾਵਾਰਥ:–*** ਜਦੋਂ ਸੁੰਭ ਤੇ ਨਿਸੁੰਭ ਨੇ ਹੁਕਮ ਦਿੱਤਾ ਤਾਂ ਵੱਡੇ ਸੂਰਮਿਆਂ ਨੇ (ਅਲਾਇਆ) ਧੌਂਸੇ ਵਜਾ ਦਿੱਤੇ। ਤਾਂ (ਰੋਹ) ਗੁੱਸੇ ਨੇ ਵੀ ਵਿਖਾਲੀ ਦਿੱਤੀ ਭਾਵ ਸੂਰਮੇ ਰੋਹ ਵਿੱਚ ਆ ਗਏ ਅਤੇ ਯੋਧਿਆਂ ਨੇ (ਤੁਰੇ) ਘੋੜੇ ਨਚਾਏ ਭਾਵ ਟਪਾਏ। ਦੋਹਰੀ ਚੋਬ ਨਾਲ ਨਗਾਰੇ (ਘੁਰੇ) ਵੱਜੇ ਅਤੇ ਯਮ ਦੀ ਸਵਾਰੀ (ਝੋਟੇ) ਵਾਂਗ (ਅਰੜਾਏ) ਗੱਜੇ। ਦੇਵਤੇ ਅਤੇ ਦੈਂਤ (ਲੁੱਝਣ) ਲੜਨ ਨੂੰ ਆ ਗਏ॥੨੩॥

**ਪਉੜੀ॥**

**ਦਾਨੋ ਦੇਉ ਅਨਾਗੀ ਸੰਘਰੁ ਰਚਿਆ॥**
**ਫੁੱਲ ਖਿੜੇ ਜਣੁ ਬਾਗੀਂ ਬਾਣੇ ਜੋਧਿਆਂ॥**
**ਭੂਤਾਂ ਇਲਾਂ ਕਾਗੀਂ ਗੋਸਤ ਭੱਖਿਆ॥**
**ਹੁੱਮੜ ਧੁੱਮੜ ਜਾਗੀ ਘੱਤੀ ਸੂਰਿਆਂ॥੨੪॥**

***ਭਾਵਾਰਥ:–*** ਨਾਗਿਆਂ ਤੋਂ ਬਿਨਾਂ (ਲਗਾਤਾਰ) ਦੈਂਤਾਂ ਤੇ ਦੇਵਤਿਆਂ ਨੇ ਜੰਗ ਸ਼ੁਰੂ ਕਰ ਲਿਆ। ਯੋਧਿਆਂ ਦੇ ਲਿਬਾਸ ਮਾਨੋ ਕਿ ਬਾਗ਼ਾਂ ਵਿੱਚ ਫੁੱਲ ਖਿੜੇ ਹੋਏ ਸਨ। ਭੂਤਾਂ, ਇੱਲਾਂ ਅਤੇ ਕਾਂਵਾਂ ਨੇ (ਗੋਸ਼ਤ) ਮਾਸ ਨੂੰ ਖਾਧਾ (ਅਤੇ ਰੱਜ ਗਏ)। ਯੋਧਿਆਂ ਦੀ (ਘੱਤੀ) ਪਾਈ ਹੋਈ (ਹੁਮੜ ਧੁਮੜ) ਡੰਡ ਰੌਲੀ (ਜਾਗੀ) ਪ੍ਰਗਟੀ॥੨੪॥

**ਪਉੜੀ॥**

---

[1] ਪਾਠ– ਮਰਨੇ ਦਾ।

**ਸੱਟ ਨਗਾਰੇ ਪਾਈ[1] ਦਲਾਂ ਮੁਕਾਬਲਾ॥**
**ਦਿੱਤੇ ਦੇਉ ਭਜਾਈ ਮਿਲ ਕੇ ਰਾਕਸੀਂ॥**
**ਲੋਕੀ ਤਿਹੀ ਫਿਰਾਈ ਦੋਹੀ ਆਪਣੀ॥**
**ਦੁਰਗਾ ਦੀ[2] ਸਾਮ ਤਕਾਈ ਦੇਵਾ ਡਰਦਿਆਂ॥**
**ਆਂਦੀ ਚੰਡਿ ਚੜਾਈ ਉੱਤੇ ਰਾਕਸਾਂ॥੨੫॥**

***ਭਾਵਾਰਥ:–*** ਨਗਾਰੇ ਤੇ ਚੋਟ ਲਾਈ ਕਿ ਦਲਾਂ ਦਾ ਮੁਕਾਬਲਾ ਹੈ। (ਅੰਤ) ਰਾਖਸ਼ਾਂ ਨੇ ਮਿਲ ਕੇ ਦੇਵਤੇ ਭਜਾ ਦਿੱਤੇ। ਤਿੰਨਾਂ ਲੋਕਾਂ ਭਾਵ ਸਾਰੇ ਸੰਸਾਰ ਵਿੱਚ ਆਪਣੀ (ਦੋਹੀ) ਹਕੂਮਤ ਦੀ ਡੌਂਡੀ ਫਿਰਾ ਦਿੱਤੀ। ਡਰਦਿਆਂ ਦੇਵਤਿਆਂ ਨੇ ਦੁਰਗਾ ਦੀ (ਸਾਮ) ਸ਼ਰਨ ਤੱਕ ਲਈ। (ਆਖਰ) ਚੰਡਿਕਾ ਰਾਖਸ਼ਾਂ ਉੱਤੇ ਚੜ੍ਹਾ ਲਿਆਂਦੀ॥੨੫॥

**ਪਉੜੀ॥**
**ਆਈ ਫੇਰ ਭਵਾਨੀ ਖਬਰੀ ਪਾਈਆਂ॥**
**ਦੈਤਜ ਵਡੇ ਅਭਿਮਾਨੀ ਹੋਏ ਏਕਠੇ॥**
**ਲੋਚਨ ਧੂਮ ਗੁਮਾਨੀ ਰਾਇ ਬੁਲਾਇਆ॥**
**ਜਗ ਵਿਚ ਵਡਾ ਦਾਨੋ ਆਪ ਕਹਾਇਆ॥**
**ਸੱਟ ਪਈ ਖਰਚਾਮੀ[3] ਦੁਰਗਾ ਲਿਆਵਣੀ॥੨੬॥**

***ਭਾਵਾਰਥ:–*** ਫੇਰ ਸ਼ਿਵ ਦੀ ਇਸਤਰੀ ਆ ਗਈ ਹੈ (ਦੈਂਤਾਂ ਨੇ) ਖ਼ਬਰਾਂ ਸੁਣ ਲਈਆਂ। ਵੱਡੇ ਹੰਕਾਰੀ ਦੈਂਤ ਵੀ ਇਕੱਤਰ ਹੋ ਗਏ। ਰਾਜੇ (ਸੁੰਭ) ਨੇ ਧੂਮ੍ਰਲੋਚਨ ਅਭਿਮਾਨੀ ਸੈਨਾਪਤੀ ਨੂੰ ਬੁਲਾਇਆ। ਜੋ ਆਪਣੇ ਆਪ ਨੂੰ ਸੰਸਾਰ ਵੱਡਾ (ਦਾਨੋ) ਦੈਂਤ ਕਹਾਉਂਦਾ ਸੀ। ਉੱਤਮ ਨਗਾਰਿਆਂ ’ਤੇ (ਚੋਬ ਦੀ) ਚੋਟ ਵੱਜ ਪਈ ਕਿ ਦੁਰਗਾ (ਸੁੰਭ ਦੇ ਵਿਆਹ ਲਈ ਫੜ੍ਹ ਕੇ) ਲਿਆਉਣੀ ਹੈ॥੨੬॥

**ਪਉੜੀ॥**
**ਕੜਕ ਉਠੀ ਰਣ ਚੰਡੀ ਫਉਜਾਂ ਦੇਖ ਕੈ॥**
**ਧੂਹ ਮਿਆਨੋ ਖੰਡਾ[4] ਹੋਈ ਸਾਹਮਣੇ[5]॥**
**ਸਭੇ ਬੀਰ ਸੰਘਾਰੇ ਧੂਮਰਨੈਣ ਦੇ॥**
**ਜਣੁ ਲੈ ਕੱਟੇ ਆਰੇ ਦਰਖਤ ਬਾਢੀਆਂ॥੨੭॥**

---

[1] ਇਹ ਪਾਠ ਭਾਈ ਮਨੀ ਸਿੰਘ ਜੀ ਵਾਲੀ ਬੀੜ ਦਾ ਹੈ, ‘ਸੱਟ ਪਈ ਨਗਾਰ’ ਮਧਜਾਨੁਪ੍ਰਾਸ ਹੋਰ ਤੁੱਕਾਂ ਨਾਲ ਨਹੀਂ ਖਾਂਦਾ, ਜਿਸ ਤੋਂ ਸ਼ੁੱਧ ਨਹੀਂ ਜਚਦਾ।

[2] ‘ਦੀ’ ਪਦ ਮਾਤ੍ਰਿਕ ਹਿਸਾਬ ਤੋਂ ਵੱਧ ਕਿਸੇ ਲਿਖਾਰੀ ਤੋਂ ਲਿਖਆ ਗਿਆ ਹੈ।

[3] ਇਸ ਤੁੱਕ ਦਾ ਮਧਜਾਨੁਪ੍ਰਾਸ ਸਮ ਨਹੀਂ ਹੈ।

[4] ਇਹਨਾਂ ਤੁਕਾਂ ਵਿੱਚ ਮਧਜਾਨੁਪ੍ਰਾਸ ਦੀ ਸਮਤਾ ਨਹੀਂ, ਇਸ ਵਾਸਤੇ ਅਜੇ ਪਾਠ ਦੀ ਸ਼ੁੱਧੀ ਬਾਰੇ ਭਰਮ ਹੈ।

[5] ਪਾਠ– ਸਾਹਮੁਹੀ

***ਭਾਵਾਰਥ:–*** ਦੈਂਤਾਂ ਦੀਆਂ ਫ਼ੌਜਾਂ ਵੇਖ ਕੇ ਜੰਗ ਲਈ ਚੰਡਿਕਾ ਕੜਕ ਉੱਠੀ। ਮਿਆਨ 'ਚੋਂ ਖੰਡਾ ਖਿੱਚ ਕੇ ਸਾਹਮਣੇ ਹੋਈ। ਧੂਮ੍ਰ ਲੋਚਨ ਦੇ ਸਾਰੇ ਯੋਧੇ ਮਾਰ ਦਿੱਤੇ। (ਜਣੁ) ਮਾਨੋ ਕਿ (ਬਾਢੀਆ) ਤਰਖਾਣਾਂ ਨੇ ਆਰੇ ਲੈ ਕੇ ਦਰਖਤ ਕੱਟੇ ਹਨ॥੨੭॥

**ਪਉੜੀ॥**

**ਚੋਬੀ ਧਉਸ ਬਜਾਈ ਦਲਾ ਮੁਕਾਬਲਾ॥**
**ਰੋਹ ਭਵਾਨੀ ਆਈ ਉਤੇ ਰਾਕਸਾਂ॥**
**ਖੱਬੈ ਦਸਤ ਨਚਾਈ ਸੀਹਣ ਸਾਰ ਦੀ[੧]॥**
**ਬਹੁਤਿਆਂ ਦੇ ਤਨ ਲਾਈ ਕੀਤੀ ਰੰਗੁਲੀ॥**
**ਭਾਈਆਂ ਮਾਰਨ ਭਾਈ ਦੁਰਗਾ ਜਾਣਿ ਕੈ॥**
**ਰੋਹ ਹੋਇ ਚਲਾਈ ਰਾਕਸ ਰਾਇ ਨੂੰ॥**
**ਜਮਪੁਰ ਦੀਆ ਪਠਾਈ ਲੋਚਨ ਧੂਮ ਨੂ॥**
**ਜਾਪੇ ਦਿੱਤੀ ਸਾਈ ਮਾਰਨ ਸੁੰਭ ਦੀ॥੨੯[੨]॥**
**ਇਤਿ ਧੂਮ੍ਰ ਲੋਚਨ ਬਧਹਿ॥[੩]**

***ਭਾਵਾਰਥ:–*** ਚੋਬਾਂ ਨਾਲ (ਧਉਸ) ਨਗਾਰਿਆਂ ਦੀ ਕਤਾਰ ਹੀ (ਬਜਾਈ) ਖੜਕਾ ਦਿੱਤੀ ਕਿ ਫ਼ੌਜਾਂ ਦਾ ਮੁਕਾਬਲਾ ਹੈ। (ਰਾਕਸਾਂ) ਦੈਂਤਾਂ ਉੱਤੇ ਚੰਡੀ ਗੁੱਸੇ ਵਿੱਚ ਆ ਗਈ (ਸਾਰ) ਲੋਹੇ ਦੀ (ਸੀਹਣ) ਸ਼ੇਰਨੀ (ਬਰਛੀ, ਤਲਵਾਰ) ਖੱਬੇ (ਦਸਤ) ਪਾਸੇ ਵੱਲ (ਨਚਾਈ) ਚਲਾ ਦਿੱਤੀ। ਬਹੁਤਿਆਂ ਦੇ ਸਰੀਰ ਨੂੰ ਲਾ ਕੇ (ਰੰਗੁਲੀ) ਲਾਲ (ਲਹੂ ਦੇ ਰੰਗ ਵਾਲੀ) ਕੀਤੀ। (ਦੁਰਗਾ) ਚੰਡਿਕਾ ਦੇ (ਜਾਣਿਕੈ) ਭੁਲੇਖੇ ਭਰਾਵਾਂ ਨੂੰ ਭਰਾ ਹੀ ਮਾਰਦੇ ਹਨ। (ਰਾਕਸਿ ਰਾਇ) ਸੈਨਾਪਤੀ (ਧੂਮ੍ਰ ਲੋਚਨ) ਵੱਲ ਨੂੰ ਗੁੱਸੇ ਵਿੱਚ (ਹੋਇ) ਭਰ ਕੇ ਦੁਰਗਾ ਨੇ ਬਰਛੀ ਚਲਾ ਦਿੱਤੀ। ਧੂਮ੍ਰ ਲੋਚਨ ਯਮਪੁਰ ਭਾਵ ਨਰਕ ਜਾਂ ਮੌਤ ਵੱਲ ਭੇਜ ਦਿੱਤਾ ਗਿਆ। (ਜਾਪੇ) ਮਾਨੋ ਕਿ ਸੁੰਭ ਨੂੰ ਮਾਰਨ ਦੀ ਸਾਈ ਦਿੱਤੀ ਗਈ ਹੈ॥੨੯॥

**ਅਥ ਚੰਡ ਮੁੰਡ ਕਾ ਯੁਧ ਬਰਨਨੰ॥**

**ਪਉੜੀ॥**

---

[੧] ਪਾਠ– ਖੱਬੇ ਦਸਤ ਨਚਾਈ ਬਾਢ ਦੁਆ ਮਣੇ॥

[੨] ਇਹ ਪਾਠ ਭਾਈ ਮਨੀ ਸਿੰਘ ਦੀ ਬੀੜ 'ਚੋਂ ਲਿਆ ਗਿਆ ਹੈ। ਭਾਈ ਮਨੀ ਸਿੰਘ ਜੀ ਵਾਲੀ ਬੀੜ ਵਿੱਚ ਸਾਰੀ ਵਾਰ ਵਿੱਚ ਹੀ ਦੋਹਰੇ ਅੰਗ ਹਨ। ੧੯ ਪਉੜੀਆਂ ਤੱਕ '੧॥੧' ਤੋਂ ਲੈ ਕੇ '੧੯॥੧੯' ਲਿਖੇ ਹੋਏ ਹਨ, ੨੦ਵੀਂ ਪਉੜੀ ਤੋਂ ਲੈ ਕੇ '੧॥੨੦' ਦੇ ਹਿਸਾਬ ਨਾਲ ਲਿਖੇ ਹੋਏ ਹਨ, ਜੋ ਏਥੇ ਤੱਕ '੯॥੨੯' ਹੋਏ ਹਨ। ਇਹ ਰੀਤ ਇਤਿ ਸ੍ਰੀਆਂ ਦੇ ਹਿਸਾਬ ਨੂੰ ਮੁੱਖ ਰੱਖ ਕੇ ਕੀਤੀ ਹੋਈ ਹੈ।

[੩] ਇਹ ਪਾਠ ਭਾਈ ਮਨੀ ਸਿੰਘ ਵਾਲੀ ਬੀੜ ਵਿੱਚੋਂ ਲਿਆ ਗਿਆ ਹੈ, ਭਾਈ ਮਨੀ ਸਿੰਘ ਵਾਲੀ ਬੀੜ ਵਿੱਚ ਸਾਰੀ ਵਾਰ ਵਿੱਚ ਹੀ ਦੋਹਰੇ ਅੰਗ ਹਨ, ੧੯ ਪਾਉੜੀਆਂ ਤੱਕ ਤਾਂ '੧॥੧' ਤੋਂ ਲੈਕੇ '੧੯॥੧੯' ਲਿਖੇ ਹੋਏ ਹਨ, ੨੦ਵੀਂ ਪਾਉੜੀ ਤੋਂ '੧॥੨੦' ਦੇ ਹਿਸਾਬ ਨਾਲ ਲਿਖੇ ਹੋਏ ਹਨ, ਜੋ ਇੱਥੋਂ ਤੱਕ '੯॥੨੯' ਹੋਏ ਹਨ। ਇਹ ਰੀਤਿ ਇਤਿ ਸ੍ਰੀਆਂ ਦੇ ਹਿਸਾਬ ਨੂੰ ਮੁੱਖ ਰੱਖ ਕੇ ਕੀਤੀ ਹੋਈ ਹੈ।

**ਭੰਨੇ ਦੈਤਜ ਪੁਕਾਰੇ ਰਾਜੇ ਸੁੰਭ ਥੈ॥**
**ਲੋਚਨ ਧੂਮ ਸੰਘਾਰੇ ਸਣੇ ਸਿਪਾਹੀਆਂ॥**
**ਚੁਣਿ ਚੁਣਿ ਜੋਧੇ ਮਾਰੇ ਅੰਦਰ ਖੇਤ ਦੈ॥**
**ਜਾਪਨ ਅੰਬਰ ਤਾਰੇ ਡਿਗਨਿ ਸੂਰਮੇ॥**
**ਗਿਰੇ ਪਰਬਤ ਭਾਰੇ ਮਾਰੇ ਬਿੱਜੁ ਦੇ॥**
**ਦੈਤਾਂ ਦੇ ਦਲ ਹਾਰੇ ਦਹਸਤ ਖਾਇ ਕੈ॥**
**ਬਚੇ ਸੁਮਾਰੇ ਮਾਰੇ ਰਹਦੇ ਰਾਇ ਥੈ[੧]॥੨੯॥**

***ਭਾਵਾਰਥ:-*** ਰਾਜੇ ਸੁੰਭ (ਥੈ) ਪਾਸ ਭੱਜੇ ਹੋਏ ਦੈਂਤ (ਪੁਕਾਰ) ਬੋਲੇ ਕਿ ਧੂਮ੍ਰ ਲੋਚਨ ਸਿਪਾਹੀਆਂ ਸਮੇਤ ਮਾਰਿਆ ਗਿਆ। (ਚੰਡਿਕਾ ਨੇ) ਮੈਦਾਨ (ਜੰਗ) ਵਿੱਚ ਸੂਰਮੇ ਚੁਣ ਚੁਣ ਕੇ ਮਾਰ ਸੁੱਟੇ ਹਨ। ਯੋਧੇ ਡਿੱਗਦੇ ਹੋਏ (ਅੰਬਰ) ਆਕਾਸ਼ ਦੇ ਤਾਰੇ (ਜਾਪਨ) ਮਾਲੂਮ ਪੈਂਦੇ ਸਨ। (ਮਾਨੋ ਕਿ) (ਬਿੱਜੁ) ਆਫ਼ਤ ਦੇ ਮਾਰੇ ਹੋਏ ਭਾਰੇ ਪਹਾੜ (ਗਿਰੇ) ਡਿੱਗਦੇ ਸਨ। (ਦਹਸ਼ਤ) ਭੈ ਖਾ ਕੇ ਦੈਂਤਾਂ ਦੀਆਂ ਫ਼ੌਜਾਂ ਹਾਰ ਚੁੱਕੀਆਂ ਹਨ। ਓਹੋ (ਮਾਰੇ) ਮਾਰ ਤੋਂ ਬਚੇ ਹੋਏ (ਸੁਮਾਰੇ) ਗਿਣ ਸਕਦੇ ਹੋ, (ਰਾਇ) ਹੇ ਰਾਜਾ ਸੁੰਭ ! ਜੋ (ਥੈ) ਆਪ ਦੇ ਪਾਸ ਰਹਿੰਦੇ (ਖੜ੍ਹੇ) ਹਨ॥੨੯॥

**ਪਉੜੀ॥**
**ਰੋਹ ਹੋਇ ਬੁਲਾਏ ਰਾਕਸਿ ਰਾਇ ਨੇ॥**
**ਬੈਠੇ ਮਤਾ ਪਕਾਏ[੨] ਦੁਰਗਾ ਲਿਆਵਣੀ॥**
**ਚੰਡ ਅਰੁ ਮੁੰਡ ਪਠਾਏ ਬਹੁਤਾ[੩] ਕਟਕ ਦੈ॥**
**ਜਾਪੇ[੪] ਛਪਰ ਛਾਏ ਬਣੀਆ ਕੇਜਮਾ[੫]॥**
**ਜੇਤੇ ਰਾਇ ਬੁਲਾਇ ਚਲੇ ਜੁੱਝ ਨੂੰ[੬]॥**
**ਜਣੁ[੭] ਜਮਪੁਰ ਪਕੜ ਚਲਾਏ ਸਭੇ ਮਾਰਨੇ॥੩੦॥**

---

[੧] ਪਾਠ- ਬਵਰੇ ਰਾਇ ਦੈ
[੨] ਪਾਠ- ਪਕਾਈ,
[੩] ਪਾਠ- ਬਹਲਾ,
[੪] ਪਾਠ- ਜਾਪਨ
[੫] ਸ੍ਰ. ਬ. ਕਾਨ੍ਹ ਸਿੰਘ ਜੀ ਨਾਭਾ ਨੇ 'ਕੇਜਮਾ' ਪਾਠ ਦਾ ਉਚਾਰਨ ਮੰਨ ਕੇ 'ਕਜ਼ਮ' ਸ਼ਬਦ ਮੰਨਿਆ ਹੈ ਜਿਸ ਦਾ ਅਰਥ 'ਤੋੜਨ ਦੀ ਕ੍ਰਿਯਾ', ਤਲਵਾਰ, ਖੜਗ, "ਜਾਪੇ ਛਪਰ ਛਾਏ ਬਣੀਆ ਕੇਜਮਾ" (ਚੰਡੀ ੩) ਦੋਹਾਂ ਪਾਸਿਆਂ ਤੋਂ ਯੋਧਿਆਂ ਦੀਆਂ ਧੂਹੀਆਂ ਤਲਵਾਰਾਂ ਅਜਿਹੀਆਂ ਬਣ ਰਹੀਆਂ ਹਨ ਮਾਨੋ ਯੁੱਧ ਭੂਮਿ ਪਰ ਛੱਪਰ ਛਾ ਦਿੱਤਾ ਹੈ (ਮਹਾਨ ਕੋਸ਼ ਦੂਜੀ ਐਡੀਸ਼ਨ ਸਫ਼ਾ ੨੬੭ ਕਾਲਮ ੧) ਅਤੇ ਅਰਥ ਕੀਤਾ ਹੋਇਆ ਹੈ। ਸੰਪ੍ਰਦਾਇ ਵਿੱਚ ਅਰਥ ਕਰਦੇ ਹਨ ਮਾਨੋ ਕਿ ਬਾਣੀਆਂ ਦੇ ਛੱਪਰ ਦੀ ਛਾਇਆ ਹੇਠ ਜਮਾ (ਖਰਚ) ਹੋ ਰਿਹਾ ਹੈ। (ਭਾਵ- ਲੋਕ ਸ਼ਾਹੂਕਾਰ ਦੇ ਦੁਆਰ ਵਾਂਗ ਇਕੱਠੇ ਹੋਏ ਹੋਏ ਹਨ)॥
[੬] ਪਾਠ ਤੇਗਾਂ ਤਕ ਬੜਾਏ ਚਲੇ ਯੁਧ ਨੂੰ,
[੭] 'ਜਣੁ' ਪਾਠ ਮਾਤ੍ਰਿਕ ਹਿਸਾਬ 'ਚੋਂ ਬਾਹਰ ਹੈ।

***ਭਾਵਾਰਥ:–*** (ਰਾਕਸਿ ਰਾਇ) ਰਾਜੇ ਸੁੰਭ ਨੇ ਯੋਧੇ, ਮੰਤਰੀ ਸਭ ਗੁੱਸੇ ਹੋ ਕੇ ਬੁਲਾ ਲਏ। (ਅੰਤ ਵਿੱਚ ਏਹੋ) ਮਤਾ ਪਕਾਇਆ ਕਿ 'ਦੁਰਗਾ ਲਿਆਉਣੀ ਹੀ ਹੈ'। ਬਹੁਤੀ (ਕਟਕ) ਫ਼ੌਜ ਦੇ ਕੇ ਚੰਡ ਅਤੇ ਮੁੰਡ (ਨਾਮੇ ਦੋਵੇਂ ਦੈਂਤ ਸੈਨਾਪਤੀ) ਭੇਜ ਦਿੱਤੇ। ਮਾਨੋ ਕਿ ਸੂਤੀਆਂ ਹੋਈਆਂ ਤਲਵਾਰਾਂ ਇਓਂ ਜਾਪਦੀਆਂ ਹਨ ਜਿਵੇਂ ਛੱਪਰ ਛਾਏ ਹੋਏ ਹਨ। (ਰਾਇ) ਰਾਜੇ ਸੁੰਭ ਨੇ ਜਿੰਨੇ ਵੀ ਬੁਲਾਏ ਸਨ (ਉਹ ਸਾਰੇ ਹੀ) ਜੰਗ ਨੂੰ ਚੱਲ ਪਏ। (ਜਣੁ) ਮਾਨੋ ਕਿ ਸਾਰੇ (ਮਾਰ) ਮਾਰਨ ਵਾਸਤੇ ਜਮਪੁਰ (ਨਰਕ) ਨੂੰ ਫੜ ਕੇ ਭੇਜ ਦਿੱਤੇ ਹਨ॥੩੦॥

**ਪਉੜੀ॥**
**ਢੋਲ ਨਗਾਰੇ ਵਾਏ ਦਲਾਂ ਮੁਕਾਬਲਾ॥**
**ਰੋਹਿ ਰੁਹੇਲੇ ਆਏ ਉਤੇ ਰਾਕਸਾਂ॥**
**ਸਭਨੀ ਤੁਰੇ ਨਚਾਏ ਬਰਛੇ ਪਕੜਿ ਕੈ॥**
**ਬਹੁਤੇ ਮਾਰ ਗਿਰਾਏ ਅੰਦਰਿ ਖੇਤ ਦੈ॥**
**ਤੀਰੀ ਛਹਬਰ ਲਾਏ[੧] ਬੁੱਠੀ ਦੇਵਤਾ॥੩੧॥**

***ਭਾਵਾਰਥ:–*** ਢੋਲ ਅਤੇ ਨਗਾਰੇ ਵਜਾ ਕੇ ਫੌਜਾਂ ਦਾ ਆਹਮੋ-ਸਾਹਮਣਾ ਹੋ ਗਿਆ। ਰਾਖਸ਼ਾਂ ਦਿਆਂ (ਰੋਹ) ਮੂੰਹਾਂ ਉੱਤੇ (ਰੁਹੇਲੇ) ਗੁੱਸੇ ਦੇ ਚਿੰਨ੍ਹ ਆ ਗਏ। ਬਰਛੇ ਫੜ੍ਹ ਕੇ ਸਾਰਿਆਂ ਨੇ ਘੋੜੇ ਨਚਾਏ ਟਪਾਏ। ਜਦੋਂ (ਦੇਵਤਾ) ਦੁਰਗਾ ਤੇਗਾਂ ਦੀ (ਛਹਬਰ) ਝੜੀ ਲਾ ਕੇ (ਬੁੱਠੀ) ਵਰ੍ਹੀ ਤਾਂ ਬਹੁਤੇ ਦੈਂਤ ਮੈਦਾਨੇ ਜੰਗ ਵਿੱਚ ਮਾਰ ਕੇ ਗਿਰਾ ਦਿੱਤੇ॥੩੧॥

**ਪਉੜੀ॥**
**ਭੇਰੀ ਸੰਖ ਵਜਾਏ ਸੰਘਰ ਰਚਿਆ॥**
**ਤਣਿ ਤਣਿ ਤੀਰ ਚਲਾਏ ਦੁਰਗਾ ਧਨੁਖ ਲੈ॥**
**ਜਿੰਨੀ ਦਸਤ ਉਠਾਏ[੨] ਰਹੇ ਨ ਜੀਵਦੇ॥**
**ਚੰਡ ਅਰੁ ਮੁੰਡ ਖਪਾਏ ਦੋਨੋ ਦੇਵਤਾ॥੩੨[੩]॥**
**ਇਤਿ ਚੰਡ ਅਰੁ ਮੁੰਡ ਦੈਤ ਮਾਰੈ॥**

---

[੧] ਮਧਜਾਨੁਪ੍ਰਾਸ ਦੀ ਸਮਤਾ ਅਨੁਸਾਰ 'ਲਾਈ' ਦੀ ਥਾਂ 'ਲਾਏ' ਪਾਠ ਚਾਹੀਦਾ ਹੈ।

[੨] ਪਾਠ- ਉਚਾਏ

[੩] ਇਹ ਸੁਰਖੀ ਭਾਈ ਮਨੀ ਸਿੰਘ ਜੀ ਵਾਲੀ ਬੀੜ ਵਿੱਚੋਂ ਲਈ ਗਈ ਹੈ। ਭਾਈ ਸਾਹਿਬ ਜੀ ਦੀ ਬੀੜ ਅਨੁਸਾਰ '੧॥੨੯' ਤੋਂ ਲੈ ਕੇ ਏਥੋਂ ਤੱਕ '੪॥੩੨' ਗਿਣਤੀ ਕੀਤੀ ਗਈ ਹੈ, ਭਾਵ ਕਿ ਚੰਡ ਅਤੇ ਮੁੰਡ ਦਾ ਜੰਗ ਕੇਵਲ ਚਹੁੰ ਪਉੜੀਆਂ ਵਿੱਚ ਹੀ ਲਿਖ ਕੇ ਸਮਾਪਤ ਕਰ ਦਿੱਤਾ ਗਿਆ ਹੈ।

***ਭਾਵਾਰਥ:–*** ਨਗਾਰੇ ਅਤੇ ਸੰਖ ਵਜਾ ਕੇ (ਸੰਘਰ) ਜੰਗ ਸ਼ੁਰੂ ਕੀਤਾ ਗਿਆ। ਚੰਡਿਕਾ ਨੇ ਕਮਾਨ ਲੈ ਕੇ ਖਿੱਚ-ਖਿੱਚ ਕੇ ਤੀਰ ਚਲਾਏ। ਜਿਨ੍ਹਾਂ ਨੇ ਹੱਥ ਚੁੱਕੇ ਉਹ ਹੀ ਜੀਉਂਦੇ ਨਾ ਰਹੇ। (ਦੇਵਤਾ) ਚੰਡਿਕਾ ਨੇ ਚੰਡ ਅਤੇ ਮੁੰਡ ਦੋਵੇਂ ਹੀ (ਖਪਾਏ) ਮਾਰ ਦਿੱਤੇ॥੩੨॥

**ਅਥ ਸ੍ਰੋਣਤ ਬੀਜ ਦਾ ਯੁਧ ਕਥਨੰ॥**

**ਪਉੜੀ॥**

**ਸੁੰਭ ਨਿਸੁੰਭ ਰਿਸਾਏ ਮਾਰੇ ਦੈਤ ਸੁਣ॥**
**ਜੋਧੇ ਸਭ ਬੁਲਾਏ ਅਪਣੇ ਮਜਲਸੀ॥**
**ਜਿੰਨੀ ਦੇਉ ਭਜਾਏ ਇੰਦ੍ਰ ਜੇਹਵੇ॥**
**ਤੇਈ ਮਾਰ ਗਿਰਾਏ ਪਲ ਵਿਚ ਦੇਵਤਾਂ॥**
**ਓਨੀ ਦਸਤੀ ਦਸਤਿ ਵਜਾਏ ਤਿਨਾ ਚਿਤ ਕਰਿ॥**
**ਫਿਰ ਸ੍ਰਣਵਤ ਬੀਜ ਚਲਾਏ ਬੀੜੇ ਰਾਇ ਦੇ॥**
**ਸੰਜ ਪਟੇਲਾ ਪਾਏ ਚਿਲਕਤ ਟੋਪੀਆਂ॥**
**ਲੁਝਣ ਨੋ ਅਰੜਾਏ ਰਾਕਸ ਰੋਹਲੇ॥**
**ਕਦੇ ਨ ਕਿਨੈ ਹਟਾਏ ਜੁੱਧ ਮਚਾਇ ਕੈ॥**
**ਮਿਲਿ ਤੇਈ ਦਾਨੋ ਆਏ ਹੁਣ ਸੰਘਰਿ ਦੇਖਣਾ[੧]॥੩੩॥**

***ਭਾਵਾਰਥ:–*** ਦੈਂਤਾਂ ਦਾ ਮਾਰੇ ਜਾਣਾ ਸੁਣ ਕੇ ਸੁੰਭ ਅਤੇ ਨਿਸੁੰਭ ਕ੍ਰੋਧਵਾਨ ਹੋ ਗਏ। ਆਪਣੇ ਸਾਰੇ ਹੀ ਸੂਰਵੀਰ (ਮਜਲਸੀ) ਸਭਾ ਵਿੱਚ ਬੁਲਾ ਲਏ। (ਸਭਾ ਵਿੱਚ ਗੱਲ ਚੱਲੀ ਕਿ) ਜਿਨ੍ਹਾਂ ਨੇ ਇੰਦਰ (ਜੇਹਵੇ) ਵਰਗੇ ਦੇਵਤੇ ਵੀ ਭਜਾਏ ਸਨ। (ਦੇਵਤਾ) ਦੁਰਗਾ ਨੇ ਤਾਂ ਪਲ ਵਿੱਚ ਹੀ ਉਹ ਵੀ ਮਾਰ ਸੁੱਟੇ ਹਨ। (ਦੈਂਤ) ਉਹਨਾਂ (ਦੈਂਤਾਂ) ਨੂੰ ਯਾਦ ਕਰਕੇ ਹੱਥ ਤੇ ਹੱਥ ਮਾਰਦੇ (ਅਫ਼ਸੋਸ ਕਰਦੇ) ਹਨ। (ਇਹ ਗੱਲ ਸੁਣ ਕੇ) (ਰਾਇ) ਸੁੰਭ ਨੇ (ਬੀੜੇ) ਜੰਗੀ ਇੰਤਜ਼ਾਮ ਦੇ ਕੇ ਫੇਰ ਸ੍ਰੋਣਤ ਵੀਰਜ ਨੂੰ ਭੇਜਿਆ ਸੰਜੋਆਂ, ਪਟੇਦਾਰ ਸੰਜੋਆਂ ਅਤੇ (ਟੋਪੀਆਂ) ਸਿਰਾਂ ਦੀਆਂ ਸੰਜੋਆਂ (ਚਿਲਕਤ) ਲਿਸ਼ਕਦੀਆਂ ਨੂੰ ਪਾਏ ਹੋਏ ਸਨ। (ਰੋਹਲੇ) ਗੁਸੈਲ ਰਾਖਸ਼ ਲੜਨ ਵਾਸਤੇ (ਅਰੜਾਏ) ਬੋਲ ਰਹੇ ਹਨ। ਜੰਗ ਮਚਾ ਕੇ ਕਦੇ ਕਿਸੇ ਨਹੀਂ (ਹਟਾਏ) ਮੋੜੇ। ਉਹ ਦੈਂਤ ਮਿਲ ਕੇ ਆ ਗਏ ਕਿ ਹੁਣ ਦਾ ਜੰਗ ਵੀ ਵੇਖਣਾ ਹੀ ਹੈ॥੩੩॥

**ਪਉੜੀ॥**

**ਦੈਤੀ ਡੰਡ ਉਭਾਰੀ ਨੇੜੈ ਆਇ ਕੈ॥**
**ਸਿੰਘ ਕਰੀ ਅਸਵਾਰੀ ਦੁਰਗਾ ਸੋਰ ਸੁਣਿ॥**
**ਖੱਬੈ ਦਸਤ ਉਭਾਰੀ ਗਦਾ ਫਿਰਾਇ ਕੈ॥**

---

[੧] ਇਸ ਪਾਉੜੀ ਵਿੱਚ ਲਕੀਰੇ ਗਏ ਸ਼ਬਦ ‘ਓਨੀ, ਫਿਰ, ਮਿਲ, ਹੁਣ’ ਮਾਤ੍ਰਿਕ ਹਿਸਾਬ ’ਚੋਂ ਬਾਹਰ ਹਨ।

**ਸੈਨਾ ਸਭ ਸੰਘਾਰੀ ਸ੍ਰਣਵਤ ਬੀਜ ਦੀ॥**
**ਜਣੁ ਮਦ ਖਾਇ ਮਦਾਰੀ ਘੂਮਨ ਸੂਰਮੇ॥**
**ਅਗਣਤ ਪਾਉ ਪਸਾਰੀ ਰੁਲੇ ਅਹਾੜ ਵਿਚ॥**
**ਜਾਪੈ ਖੇਡ ਖਿਡਾਰੀ ਸੁੱਤੇ ਫਾਗ ਨੂੰ॥੩੪॥**

***ਭਾਵਾਰਥ:–*** (ਦੁਰਗਾ ਦੇ) ਨੇੜੇ ਆ ਕੇ ਦੈਂਤਾਂ ਨੇ (ਡੰਡ) ਰੌਲੀ (ਉਭਾਰੀ) ਪਾ ਦਿੱਤੀ। ਦੁਰਗਾ ਨੇ ਰੌਲਾ ਸੁਣ ਕੇ ਸ਼ੇਰ ’ਤੇ ਸਵਾਰੀ ਕਰ ਲਈ। ਗਦਾ ਘੁਮਾ ਕੇ ਖੱਬੇ (ਦਸਤ) ਪਾਸੇ ਵੱਲ ਨੂੰ ਉੱਚੀ ਕੀਤੀ। ਸ੍ਰੋਣਤ ਵੀਰਜ ਦੀ ਸਭ ਫ਼ੌਜ ਮਾਰ ਦਿੱਤੀ। ਸੂਰਮੇ (ਇਓਂ) ਘੁਮੇਰੀਆਂ ਖਾਂਦੇ ਹਨ ਜਿਵੇਂ (ਜਣੁ) ਜਿਵੇਂ ਕਿ (ਮਦਾਰੀ) ਸ਼ਰਾਬੀ ਸ਼ਰਾਬ ਪੀ ਕੇ। (ਅਹਾੜ) ਮੈਦਾਨੇ ਜੰਗ ਵਿੱਚ ਬੇਗਿਣਤ ਹੀ ਪੈਰ ਫੈਲਾਏ ਹੋਏ ਰੁਲੇ ਪਏ ਹਨ। (ਜਾਪੈ) ਮਾਲੂਮ ਪੈਂਦਾ ਹੈ ਕਿ (ਖਿਡਾਰੀ) ਲੋਕ (ਫਾਗ) ਹੋਲੀ ਨੂੰ ਖੇਡ ਕੇ ਸੁੱਤੇ ਹੋਏ ਹਨ॥੩੪॥

**ਪਉੜੀ॥**
**ਸ੍ਰਣਵਤ ਬੀਜ ਹਕਾਰੇ ਰਹਦੇ ਸੂਰਮੇ॥**
**ਜੋਧੇ ਜੇਡੁ ਮੁਨਾਰੇ[1] ਦਿੱਸਨ ਖੇਤ ਵਿਚਿ॥**
**ਸਭਨੀ ਦਸਤ ਉਭਾਰੇ ਤੇਗਾਂ ਧੂਹ ਕੈ॥**
**ਮਾਰੋ ਮਾਰ ਪੁਕਾਰੇ ਆਏ ਸਾਮ੍ਹਣੇ॥**
**ਸੰਜਾ ਤੇ ਠਣਕਾਰੇ ਤੇਗੀ ਉਭਰੇ॥**
**ਘਾੜ[2] ਘੜਨਿ ਠਠਿਆਰੇ ਜਾਣੁ ਬਣਾਇ ਕੈ॥੩੫॥**

***ਭਾਵਾਰਥ:–*** (ਰਹਦੇ) ਬਾਕੀ ਯੋਧੇ ਵੀ ਸ੍ਰੋਣਤ ਵੀਰਜ ਨੇ ਬੁਲਾ ਲਏ। ਮੈਦਾਨੇ ਜੰਗ ਵਿੱਚ ਯੋਧੇ ਮੁਨਾਰਿਆਂ ਜਿੱਡੇ ਦਿਸਦੇ ਹਨ। ਸਾਰਿਆਂ ਹੀ ਤਲਵਾਰਾਂ (ਮਿਆਨ ’ਚੋਂ) ਸੂਤ ਕੇ (ਮਾਰਨ ਵਾਸਤੇ) ਹੱਥ ਚੁੱਕੇ ਹੋਏ ਸਨ। ਮਾਰ ਲਉ ਮਾਰ ਲਉ ਬੋਲਦੇ ਹੋਏ ਸਾਹਮਣੇ ਆਏ। ਤਲਵਾਰਾਂ ਲੈ ਕੇ ਉੱਚੇ ਕੀਤੇ ਹੋਏ ਹੱਥ (ਸੰਜਾ) ਸੰਜੋਆਂ ਤੇ (ਠਣਕਾਰੇ) ਝਾੜ ਦਿੱਤੇ। (ਜਾਣੁ) ਮਾਨੋ ਕਿ (ਬਣਾਇ ਕੈ) ਚੰਗੀ ਤਰ੍ਹਾਂ ਠਠਿਆਰ ਘਾੜ ਘੜਦੇ ਹਨ॥੩੫॥

**ਪਉੜੀ॥**
**ਸੱਟ ਪਈ ਜਮਧਾਣੀ[3] ਦਲਾਂ ਮੁਕਾਬਲਾ॥**
**ਘੂਮਰ ਬਰਗਸਤਾਣੀ ਦਲ ਵਿਚਿ ਘੱਤੀਓ॥**
**ਸਣੇ ਤੁਰਾ ਪਲਾਣੀ ਡਿੱਗਨ ਸੂਰਮੇ॥**

---

[1] ਪਾਠ– ਵਡੇ ਮੁਨਾਰੇ,
[2] ਪਾਠ– ਘਾਟ
[3] ਪਾਠ– ਝਿਮਦਾਨੀ

**ਉਠਿ ਉਠਿ ਮੰਗਨਿ ਪਾਣੀ ਘਾਇਲ ਘੂਮਦੇ॥**
**ਏਵਡੁ ਮਾਰ ਵਿਹਾਣੀ ਉਪਰ ਰਾਕਸਾਂ॥**
**ਬਿੱਜਲ ਜਿਉ ਝਰਲਾਣੀ ਉਠੀ ਦੇਵਤਾਂ॥੩੬॥**

***ਭਾਵਾਰਥ:-*** (ਜਮਧਾਣੀ) ਜਮਪੁਰ ਭਾਵ ਮੌਤ ਦੀ ਚੋਬ ਵੱਜੀ, ਦਲਾਂ ਦਾ ਆਹਮੋ-ਸਾਹਮਣਾ ਹੋਇਆ। (ਬਰਗਸਤਾਣੀ) ਜ਼ਿਰਹ ਵਾਲਿਆਂ (ਸੰਜੋਆਂ ਵਾਲਿਆਂ) ਨੇ ਦਲ ਵਿੱਚ (ਘੂਮਰ) ਘੁਮੇਰੀ ਭਾਵ ਚਕ੍ਰੀ ਵਾਂਗ ਨਾਚ ਕਰਨਾ (ਘੱਤੀਓ) ਸ਼ੁਰੂ ਕੀਤਾ ਹੋਇਆ ਹੈ। ਘੋੜਿਆਂ ਅਤੇ (ਪਲਾਣੀਂ) ਝੁੱਲਾਂ ਸਮੇਤ ਯੋਧੇ ਡਿੱਗਦੇ ਹਨ। ਜ਼ਖ਼ਮੀ (ਘੂਮਦੇ) ਚੱਕਰ ਖਾਂਦੇ ਹੋਏ ਉੱਠ ਉੱਠ ਪਾਣੀ ਮੰਗਦੇ ਹਨ। ਦੈਂਤਾਂ ਉੱਤੇ ਐਡੀ (ਮਾਰ) ਆਫ਼ਤ ਗੁਜ਼ਰੀ (ਕਿ ਜੀਹਦਾ ਬਿਆਨ ਹੀ ਨਹੀਂ ਹੋ ਸਕਦਾ)। ਬਿਜਲੀ ਵਾਂਗ (ਝਰਲਾਣੀ) ਕੜਕਦੀ ਛੇਤੀ ਨਾਲ (ਦੇਵਤਾ) ਦੁਰਗਾ ਉੱਠੀ॥੩੬॥

**ਪਉੜੀ॥**
**ਚੋਬੀ ਧਉਸ ਉਭਾਰੀ ਦਲਾਂ ਮੁਕਾਬਲਾ॥**
**ਸਭੋ ਸੈਨਾ ਮਾਰੀ ਪਲ ਵਿਚਿ ਦਾਨਵੀ॥**
**ਦੁਰਗਾ ਦਾਨੋ ਮਾਰੇ[1] ਰੋਹ ਬਢਾਇ ਕੈ॥**
**ਸਿਰਿ ਵਿਚਿ ਤੇਗ ਵਗਾਈ ਸ੍ਰਣਵਤ ਬੀਜ ਦੇ॥੩੭॥**

***ਭਾਵਾਰਥ:-*** ਚੋਬਾਂ ਨੇ ਦਲਾਂ ਦਾ ਆਹਮੋ-ਸਾਹਮਣਾ ਹੋਣ ਵਾਲੀ (ਧਉਸ) ਧੁਨਿ (ਉਭਾਰੀ) ਪ੍ਰਗਟਾ ਦਿੱਤੀ। ਦੈਂਤਾਂ ਦੀ ਸਾਰੀ ਫ਼ੌਜ ਪਲ ਵਿੱਚ ਹੀ ਮਾਰੀ ਗਈ। ਦੁਰਗਾ ਨੇ ਗੁੱਸਾ ਵਧਾ ਕੇ ਦੈਂਤ ਮਾਰੇ। ਸ੍ਰੋਣਤ ਵੀਰਜ ਦੇ ਸਿਰ ਵਿੱਚ ਤਲਵਾਰ (ਵਗਾਈ) ਮਾਰੀ ਗਈ॥੩੭॥

**ਪਉੜੀ॥**
**ਅਗਣਤ ਦਾਨੋ ਭਾਰੇ ਹੋਏ ਲੋਹੂਆ॥**
**ਜੋਧੇ ਜੇਡ ਮੁਨਾਰੇ ਅੰਦਰਿ ਖੇਤ ਦੈ॥**
**ਦੁਰਗਾ ਨੋ ਲਲਕਾਰੇ ਆਵਨ ਸਾਮ੍ਹਣੇ॥**
**ਦੁਰਗਾ ਸਭ ਸੰਘਾਰੇ ਰਾਕਸ ਆਵਦੇ॥**
**ਰਤੂ ਦੇ ਪਰਨਾਲੇ ਤਿਨ ਤੇ ਭੁਇਂ ਪਏ॥**
**ਉੱਠੇ ਕਾਰਣਿਆਰੇ ਰਾਕਸ ਹੜਹੜਾਇ॥੩੮॥**

***ਭਾਵਾਰਥ:-*** (ਲੋਹੂਆ) ਲਹੂ ਤੋਂ ਬਹੁਤ ਹੀ ਭਾਰੇ ਦੈਂਤ ਪੈਦਾ ਹੋ ਗਏ। ਜੋ ਮੈਦਾਨੇ ਜੰਗ ਵਿੱਚ ਮੁਨਾਰਿਆਂ ਜਿੱਡੇ ਯੋਧੇ ਸਨ। ਚੰਡਿਕਾ ਨੂੰ ਲਲਕਾਰਦੇ ਹੋਏ ਸਾਹਮਣੇ ਆਉਂਦੇ ਸਨ। ਦੁਰਗਾ ਸਾਰੇ ਹੀ ਆਉਂਦਿਆਂ ਦੈਂਤਾਂ ਨੂੰ ਮਾਰਦੀ ਸੀ। ਉਨ੍ਹਾਂ ਦੇ ਲਹੂ ਦੇ ਪਾੜਛੇ ਹੀ ਜ਼ਮੀਨ ’ਤੇ ਡਿੱਗ ਪਏ ਜਿਨ੍ਹਾਂ

---

[1] ਪਾਠ- ਦਾਨੋ ਦਾਹੀ

ਤੋਂ (ਕਾਰਣਿਆਰੇ) ਜੰਗ ਕਰਨ ਵਾਲੇ ਰਾਖਸ਼ (ਹੜਹੜਾਇ) ਹੱਸ ਹੱਸ ਕੇ (ਉਠੇ) ਪੈਦਾ ਹੁੰਦੇ ਹਨ॥੩੮॥

**ਪਉੜੀ॥**

**ਧਗਾਂ ਸੰਗਲਿਆਲੀਂ ਸੰਘਰ ਵਾਇਆ॥**
**ਬਰਛੀ ਬੰਬਲਿਆਲੀ ਸੂਰੇ ਸੰਘਰੇ॥**
**ਭੇੜਿ ਮਚਿਆ ਬੀਰਾਲੀ ਦੁਰਗਾ ਦਾਨਵੀ॥**
**ਮਾਰ ਮਚੀ ਮੁਹਰਾਲੀ ਅੰਦਰਿ ਖੇਤ ਦੈ॥**
**ਜਣੁ ਨਟ ਲੱਥੇ ਛਾਲੀ ਢੋਲਿ ਬਜਾਇ ਕੈ॥**
**ਰੋਹੂ ਫਾਥੀ ਜਾਲੀ ਲੋਥੀਂ ਜਮਧੜੀ[੧]॥**
**ਘਣ ਵਿਚਿ ਜਿਉਂ ਛੰਛਾਲੀ ਤੇਗਾਂ ਹਸੀਆਂ॥**
**ਘੁੱਮਰਆਰਿ ਸਿਆਲੀ ਬਣੀਆਂ ਕੇਜਮਾਂ॥੩੯॥**

***ਭਾਵਾਰਥ:–*** ਸੰਗਲਾਂ ਵਾਲਿਆਂ (ਧੱਗਾ) ਨਗਾਰਿਆਂ ਨੂੰ ਜੰਗ ਵਿੱਚ ਵਜਾਇਆ। (ਬੰਬਲਿਆਲੀ) ਫੁੰਮਣਾਂ ਵਾਲੀਆਂ ਬਰਛੀਆਂ ਨੇ ਯੋਧੇ ਮਾਰੇ। ਦੁਰਗਾ ਅਤੇ ਦੈਂਤਾਂ ਦੇ (ਬੀਰਾਲੀ) ਯੋਧਿਆਂ ਦਾ ਜੰਗ ਮੱਚ ਪਿਆ। ਮੈਦਾਨੇ ਜੰਗ ਵਿੱਚ (ਮੁਹਰਾਲੀ) ਮੋਹਰੀ ਆਗੂ ਯੋਧਿਆਂ ਦੀ ਮਾਰ ਮੱਚੀ। ਮਾਨੋ ਕਿ ਢੋਲ ਵਜਾ ਕੇ ਨੱਟ ਛਾਲਾਂ ’ਤੇ ਉੱਤਰੇ ਹੋਏ ਹਨ। ਲੋਥਾਂ ਵਿੱਚ (ਜਮਧੜੀ) ਕਟਾਰਾਂ, ਜਾਲਾਂ ਵਿੱਚ ਰੋਹੂ (ਜਾਤੀ ਦੀਆਂ ਮੱਛੀਆਂ) ਵਾਂਗ ਫਸੀਆਂ ਹੋਈਆਂ ਹਨ। ਤਲਵਾਰਾਂ (ਘਣ) ਬੱਦਲ ਵਿੱਚ (ਛੰਛਾਲੀ) ਬਿਜਲੀ ਵਾਂਗ (ਹੱਸੀਆ) ਚਮਕੀਆਂ। (ਕੇਜਮਾ) ਕਜ਼ਮਾ ਭਾਵ ਤਲਵਾਰਾਂ (ਸਿਆਲੀ) ਸਰਦੀਆਂ ਦੀ (ਘੁਮਰਆਰਿ) ਧੁੰਧ ਵਾਂਗ ਬਣੀਆਂ ਹੋਈਆਂ ਨੇ ਭਾਵ ਚਾਰ ਚੁਫ਼ੇਰੇ ਛਾਈਆਂ ਹੋਈਆਂ ਹਨ॥੩੯॥

**ਪਉੜੀ॥**

**ਧਗਾਂ ਸੂਲਿ ਬਜਾਈਆਂ ਦਲਾਂ ਮੁਕਾਬਲਾ॥[੨]**
**ਧੂਹ ਮਿਆਨੋ ਲਈਆਂ[੩] ਜੁਆਨੀ ਸੂਰਮੀ॥**
**ਸ੍ਰਣਵਤ ਬੀਜ ਬਧਾਈਆਂ ਅਗਣਤ ਸੂਰਤਾਂ॥**
**ਦੁਰਗਾ ਸਉਹੇ ਆਈਆਂ ਰੋਹ ਬਢਾਇ ਕੈ॥**
**ਸਭਨੀ ਆਣ ਵਗਾਈਆਂ ਤੇਗਾਂ ਧੂਹਿ ਕੈ॥**

---

[੧] ਪਾਠ– ਰੋਹੂ ਜਾਪੈ ਜਾਲੀ ਤੇਗੀ ਦਾਮਣੇ॥ ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਜੀ ਦੀਆਂ ਸੈਂਚੀਆਂ ਅਤੇ ਪਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ ਐਮ. ਏ. ਦੇ ਟੀਕੇ ਵਿੱਚ ‘ਲੋਹੂ ਫਾਥੀ ਜਾਲੀ’ ਅਸ਼ੁੱਧ ਪਾਠ ਹੈ। ਐਂਗਲੋ ਸੰਸਕ੍ਰਿਤ ਛਾਪੇਖਾਨੇ ਲਾਹੌਰ ਵਾਲੀ ਸਫ਼ਰੀ ਬੀੜ ਵਿੱਚ ‘ਰੋਹੂ ਫਾਥੀ ਜਾਲੀ’ ਸ਼ੁੱਧ ਪਾਠ ਹੈ, ਵੇਖੋ ਸਫ਼ਾ ੧੧੨।

[੨] ਏਸ ਪਉੜੀ ਦੀ ਅਰਥ ਸ਼ੈਲੀ ਠੀਕ ਨਹੀਂ ਬਣਦੀ, ਜਿਸ ਤੋਂ ਮੈਨੂੰ ਪਾਠ ਦੇ ਫਰਕ ਦਾ ਸ਼ੱਕ ਹੈ।

[੩] ਮਧਜਾਨੁਪ੍ਰਾਸਾਂ ਦੀ ਸਮਤਾ ਅਨੁਸਾਰ ‘ਲਾਈਆ’ ਪਾਠ ਚਾਹੀਦਾ ਹੈ

**ਦੁਰਗਾ ਸਭ ਬਚਾਈਆਂ ਢਾਲ ਸੰਭਾਲ ਕੈ॥**
**ਦੇਵੀ ਆਪ ਚਲਾਈਆਂ ਤਕਿ ਤਕਿ ਦਾਨਵੀ॥**
**ਲੋਹੂ ਨਾਲਿ ਡੁਬਾਈਆਂ ਤੇਗਾਂ ਨੰਗੀਆਂ॥**
**ਸਾਰਸੁਤੀ ਜਣੁ ਨਾਈਆਂ ਮਿਲ ਕੈ ਦੇਵੀਆਂ॥**
**ਸਭੇ ਮਾਰ ਗਿਰਾਈਆਂ ਅੰਦਰਿ ਖੇਤ ਦੈ॥**
**ਤਿਦੂੰ[੧] ਫੇਰਿ ਸਵਾਈਆਂ ਹੋਈਆਂ ਸੂਰਤਾਂ॥੪੦॥**

***ਭਾਵਾਰਥ:–*** (ਧਗਾਂ) ਨਗਾਰਿਆਂ ਤੇ (ਸੂਲਿ) ਚੋਬਾਂ (ਬਜਾਈਆਂ) ਮਾਰੀਆਂ ਫ਼ੌਜਾਂ ਦਾ ਮੁਕਾਬਲਾ ਹੋਇਆ। ਜੁਆਨਾਂ ਸੂਰਮਿਆਂ ਨੇ ਮਿਆਨਾਂ ’ਚੋਂ (ਤਲਵਾਰਾਂ) ਧੂਹ ਕੇ (ਲਾਈਆਂ) ਮਾਰੀਆਂ। ਸ੍ਰੋਣਤ ਵੀਰਜ ਨੇ ਬੇਗਿਣਤ (ਸੂਰਤਾ) ਦੇਹਾਂ ਵਧਾ ਲਈਆਂ। (ਉਹ) ਗੁੱਸਾ ਵਧਾ ਕੇ ਚੰਡਿਕਾ ਦੇ ਸਾਹਮਣੇ ਆ ਗਈਆਂ। ਸਾਰਿਆਂ ਨੇ ਹੀ ਤਲਵਾਰਾਂ (ਮਿਆਨਾਂ ’ਚੋਂ) ਧੂਹ ਕੇ ਆ (ਵਗਾਈਆ) ਮਾਰੀਆਂ। ਚੰਡਿਕਾ ਨੇ ਢਾਲ ਫੜ੍ਹ ਕੇ ਸਾਰੀਆਂ (ਚੋਟਾਂ) ਬਚਾ ਲਈਆਂ। ਦੈਂਤਾਂ ਨੂੰ ਤੱਕ-ਤੱਕ ਕੇ ਦੇਵੀ ਨੇ ਆਪ (ਚੋਟਾਂ) ਚਲਾਈਆਂ। ਨੰਗੀਆਂ ਤਲਵਾਰਾਂ ਲਹੂ ਨਾਲ (ਡੁਬਾਈਆਂ) ਭਿਓਂ ਦਿੱਤੀਆਂ। (ਜਣੁ) ਮਾਨੋ ਕਿ ਦੇਵੀਆਂ ਮਿਲ ਕੇ ਸਰਸਵਤੀ ਭਾਵ ਲਾਲ ਪਾਣੀ ਵਾਲੀ ਨਦੀ ਵਿੱਚ ਨ੍ਹਾਈਆਂ ਹੋਣ। ਸ੍ਰੋਣਤ ਵੀਰਜ ਦੀਆਂ ਸਾਰੀਆਂ ਦੇਹਾਂ ਮੈਦਾਨ ਦੇ ਵਿੱਚ ਮਾਰ ਕੇ ਡੇਗ ਦਿੱਤੀਆਂ ਗਈਆਂ। ਫੇਰ ਤਾਂ ਓਸ ਤੋਂ ਵੀ (ਦੂਣ) ਸਵਾਈਆਂ (ਸੂਰਤਾਂ) ਦੇਹਾਂ (ਸਰੀਰ, ਸ਼ਕਲਾਂ) ਹੋ ਗਈਆਂ॥੪੦॥

**ਪਉੜੀ॥**

**ਸੂਰੀ ਸੰਘਰ ਰਚਿਆ ਢੋਲ ਸੰਖ ਨਗਾਰੇ ਵਾਇ ਕੈ॥**
**ਚੰਡਿ ਚਿਤਾਰੀ ਕਾਲਕਾ ਮਨ ਬਹਲਾ ਰੋਸ ਬਢਾਇ ਕੈ॥**
**ਨਿਕਲੀ ਮੱਥਾ ਫੋੜਿ ਕੈ ਜਣੁ ਫਤੇ ਨੀਸਾਣ ਬਜਾਇ ਕੈ॥**
**ਜਾਗ ਸੁ ਜੰਮੀ ਜੁੱਧ ਨੂੰ ਜਰਵਾਣਾ ਜਣੁ ਮਿਰੜਾਇ ਕੈ॥**
**ਦਲ ਵਿਚਿ ਘੇਰਾ ਘੱਤਿਆ ਜਣੁ ਸੀਂਹ ਤੁਰਿਆ ਗਣਣਾਇ ਕੈ॥**
**ਆਪ ਵਿਸੂਲਾ ਹੋਇਆ ਤਿਹੁ ਲੋਕਾਂ ਤੇ ਖੁਨਸਾਇ ਕੈ॥**
**ਰੋਹ ਸਿਧਾਇਆ ਚਕ੍ਰ ਪਾਨਿ ਕਰ ਨੰਦਾ ਖੜਗ ਉਚਾਇ ਕੈ[੨]॥**
**ਅਗੈ ਰਾਕਸ ਬੈਠੇ ਰੋਹਲੇ ਤੀਰੀਂ ਤੇਗੀਂ ਛਹਬਰ ਲਾਇ ਕੈ॥**
**ਪਕੜ ਪਛਾੜੇ ਰਾਕਸਾਂ ਦਲ ਦੈਤਾਂ ਅੰਦਰਿ ਜਾਇ ਕੈ॥**

---

[੧] ਪਾਠ- ਉਦੂੰ

[੨] ਇਹ ਪਾਠ ਭਾਈ ਮਨੀ ਸਿੰਘ ਜੀ ਵਾਲੀ ਬੀੜ ਦਾ ਹੈ, ਜੋ ‘ਰੋਹ ਸਿਧਾਈਆ ਚਕ੍ਰਪਾਨ ਕਰ ਨਿੰਦਾ ਖੜਗ ਉਠਾਇ ਕੈ’ ਨਾਲੋਂ ਉੱਤਮ ਹੈ। ਸ੍ਰ. ਬ. ਕਾਨ੍ਹ ਸਿੰਘ ਜੀ ਨੇ ‘ਨੰਦਾ’ ਦੁਰਗਾ ਦਾ ਨਾਮ ਲਿਖਿਆ ਹੈ ਅਤੇ ਅਲਮੋੜੇ ਜ਼ਿਲ੍ਹੇ ਦੇ ਦੁਰਗਾ ਮੰਦਿਰ ਦਾ ਏਸ ਨਾਲ ਸੰਬੰਧ ਦੱਸਿਆ ਹੈ। ‘ਨਿੰਦਾ’ ਪਾਠ ਨੂੰ ਅਸ਼ੁੱਧ ਮੰਨਿਆ ਹੈ। ਨੰਦਾ = ਕੁਮਾਰੀ, ਨੰਦ ਸ਼ਬਦ ਦਾ ਇਸਤਰੀ ਲਿੰਗ ਰੂਪ ਹੈ।

**ਬਹੁ ਕੇਸੀ ਪਕੜਿ ਪਛਾੜਿਅਨਿ ਤਿਨ ਅੰਦਰਿ ਧੂਮਰ ਚਾਇ ਕੈ॥**
**ਬਡੇ ਬਡੇ ਚੁਣ ਸੂਰਮੇ ਗਹਿ ਕੋਟੀ ਦਏ ਚਲਾਇ ਕੈ॥**
**ਰਣ ਕਾਲੀ ਗੁੱਸਾ ਖਾਇ ਕੈ॥੪੧॥**

***ਭਾਵਾਰਥ:–*** ਯੋਧਿਆਂ ਨੇ ਢੋਲ, ਸੰਖ ਅਤੇ ਨਗਾਰੇ ਵਜਾ ਕੇ ਜੰਗ (ਰਚਿਆ) ਆਰੰਭ ਲਿਆ। ਮਨ ਵਿੱਚ (ਬਹਲਾ) ਬਹੁਤਾ ਗੁੱਸਾ ਵਧਾ ਕੇ ਚੰਡਿਕਾ ਨੇ ਕਾਲਿਕਾ ਦੇਵੀ (ਚਿਤਾਰੀ) ਯਾਦ ਕੀਤੀ। (ਉਹ ਦੁਰਗਾ ਦਾ) ਮੱਥਾ ਫੋੜ ਕੇ ਨਿਕਲ ਆਈ, ਮਾਨੋ ਕਿ ਜਿੱਤ ਦਾ (ਨੀਸਾਣ) ਨਗਾਰਾ ਵਜਾ ਕੇ। (ਸੁੱਤੀ ਹੋਈ ਅੱਗਿ) ਜਾਗ ਕੇ ਜੰਗ (ਨੂੰ) ਵਾਸਤੇ ਜੰਮ ਪਈ ਹੈ, (ਜਣੁ) ਮਾਨੋ ਕਿ (ਜਰਵਾਣਾ) ਵੀਰਭਦ੍ਰ (ਮਰੜਾਇ ਕੈ) ਮ੍ਰਿੜ ਭਾਵ ਸ਼ਿਵ ਦੇ ਮੱਥੇ ’ਚੋਂ ਆ ਕੇ ਜੰਮਿਆ ਹੈ [1]। (ਦੁਰਗਾ) ਦਲ ਦੇ ਵਿੱਚ ਸੀ, (ਦਲ ਨੇ) ਘੇਰਾ ਪਾਇਆ ਹੋਇਆ ਸੀ (ਜਣੁ) ਅਤੇ ਸ਼ੇਰ (ਗਣਣਾਇ ਕੈ) ਮਟਕ ਮਟਕ ਚਾਲ ਤੁਰਿਆ ਜਾਂਦਾ ਸੀ। ਤਿੰਨਾਂ ਲੋਕਾਂ ਤੋਂ (ਖੁਨਸਾਇ ਕੈ) ਨਫ਼ਰਤ ਕਰਕੇ (ਜੋ ਬ੍ਰਹਮ) ਆਪ (ਵਿਸੂਲਾ) ਅੱਡ (ਨਿਰਦੁੱਖ) ਹੋਇਆ ਹੋਇਆ ਸੀ। ਦੇਵੀ ਨੇ ਆਪ (ਪਾਣਿ) ਹੱਥ ਵਿੱਚ ਖੜਗ ਚੁੱਕ ਕੇ ਗੁੱਸੇ ਨਾਲ ਤੁਰ ਪਈ। ਅਗਲੇ ਪਾਸੇ ਵੀ (ਰੋਹਲੇ) ਗੁੱਸੈਲ ਰਾਖਸ਼ ਤੀਰਾਂ ਅਤੇ ਤੇਗਾਂ ਦੀ (ਛਹਬਰ) ਝੜੀ ਲਾਉਣ ਨੂੰ (ਭਾਵ– ਲੜਨ ਵਾਸਤੇ) ਬੈਠੇ ਸਨ। ਦੈਂਤਾਂ ਦੇ ਦਲ ਵਿੱਚ ਜਾ ਕੇ ਦੇਵੀ ਨੇ ਰਾਖਸ਼ਾਂ ਨੂੰ ਫੜ੍ਹ ਕੇ ਪਛਾੜ ਦਿੱਤਾ। ਬਹੁਤੇ ਕੇਸਾਂ ਤੋਂ ਫੜ੍ਹ ਕੇ ਪਛਾੜ ਦਿੱਤੇ, ਉਨ੍ਹਾਂ ਦੇ ਵਿੱਚ ਹੀ (ਧੂਮਰ) ਧੁੱਮੜ (ਹੁੱਲੜ) (ਚਾਇ ਕੈ) ਪਾ ਕੇ। ਵੱਡੇ ਵੱਡੇ ਯੋਧੇ ਚੁਣ ਕੇ (ਕੋਟੀ) ਕਰੋੜਾਂ (ਕੁੰਟਾਂ ਵੱਲ, ਪਹਾੜਾਂ ਨੂੰ) ਫੜ੍ਹ ਕੇ (ਚਲਾਇ) ਵਗਾ ਕੇ ਸੁੱਟ ਦਿੱਤੇ। ਜੰਗ ਵਿੱਚ ਕਾਲਿਕਾ (ਦੁਰਗਾ) ਨੇ ਗੁੱਸਾ ਖਾ ਕੇ॥੪੧॥

**ਪਉੜੀ॥**

**ਦੁਹਾ ਕੰਧਾਰਾਂ ਮੁਹਿ ਜੁੜੇ ਅਣੀਆਂ ਰੱਚੋਈਆਂ[2]॥**
**ਧੂਹ ਕ੍ਰਿਪਾਣਾ ਤਿੱਖੀਆਂ ਨਾਲ ਲੋਹੂ ਧੋਈਆਂ॥**
**ਹੂਰਾਂ ਸ੍ਰਣਵਤ ਬੀਜ ਨੂੰ ਘਤਿ ਘੇਰਿ ਖਲੋਈਆਂ॥**
**ਲਾੜਾ ਦੇਖਨ ਲਾੜੀਆਂ ਚਉਗਿਰਦੈ ਹੋਈਆਂ॥੪੨॥**

***ਭਾਵਾਰਥ:–*** ਫ਼ੌਜਾਂ ਦਿਆਂ ਦੋਹਾਂ (ਕੰਧਾਰਾ) ਪਰਿਆਂ ਦੇ ਮੂੰਹ ਜੁੜ ਗਏ, (ਅਣੀਆ) ਤੀਰਾਂ ਦੀਆਂ ਮੁਖੀਆਂ ਸਰੀਰਾਂ ਵਿੱਚ ਰਚ ਗਈਆਂ (ਫ਼ੌਜਾਂ ਜੰਗ ਵਿੱਚ ਰਚ ਗਈਆਂ, ਅਣੀਆਂ ਦੇ ਜ਼ਖ਼ਮ ਚੋਏ। ਤੇਜ਼ ਤਲਵਾਰਾਂ ਖਿੱਚ ਕੇ ਲਹੂ ਨਾਲ ਧੋ ਦਿੱਤੀਆਂ। ਸ੍ਰੋਣਤ ਵੀਰਜ ਨੂੰ (ਹੂਰਾਂ) ਅਪਸਰਾਂ ਘੇਰਾ ਪਾ ਕੇ ਖਲੋ ਗਈਆਂ। (ਮਾਨੋ ਕਿ) ਲਾੜਾ (ਦੇਖਨ) ਪਰਖਣ ਵਾਸਤੇ (ਲਾੜੀਆਂ) ਲੜਕੀਆਂ ਚੌਪਾਸੀਂ ਹੋਈਆਂ ਹਨ ॥੪੨॥

**ਪਉੜੀ॥**

---

[1] ਸੰਪ੍ਰਦਾਇ ਵਿੱਚ ‘ਜਰਵਾਣਾ ਜਣੁ ਮਰੜਾਇ ਕੈ’ ਦਾ ਅਰਥ ‘ਮਾਨੋ ਕਿ ਝੋਟਾ ਅਰੜਾ ਕੇ…’ ਵੀ ਕੀਤਾ ਜਾਂਦਾ ਹੈ।
[2] ਪਾਠ– ਵਿਰਚੋਈਆਂ

**ਚੋਬੀ ਧਉਸਾ ਪਾਈਆਂ[੧] ਦਲਾਂ ਮੁਕਾਬਲਾ॥**
**ਦਸਤੀ ਧੂਹਿ ਨਚਾਈਆਂ ਤੇਗਾਂ ਨੰਗੀਆਂ॥**
**ਸੂਰਿਆਂ ਦੇ ਤਨ ਲਾਈਆਂ ਗੋਸਤ ਗਿਧੀਆਂ॥**
**ਬਿੱਧਣ ਰਾਤੀ ਆਈਆਂ ਮਰਦਾਂ ਘੋੜਿਆਂ॥**
**ਜੋਗਣੀਆਂ ਮਿਲਿ ਧਾਈਆਂ ਲੋਹੂ ਭੱਖਣਾ॥**
**ਫਉਜਾਂ ਮਾਰ ਹਟਾਈਆਂ ਦੇਵਾਂ ਦਾਨਵਾਂ॥**
**ਭਜਦੀ ਕਥਾ ਸੁਣਾਈਆਂ ਰਾਜੇ ਸੁੰਭ ਥੈ॥**
**ਭੁਇਂ ਨ ਪਉਣੈ ਪਾਈਆਂ ਬੂੰਦਾਂ ਰਕਤ ਦੀਆਂ॥**
**ਕਾਲੀ ਖੇਤਿ ਖਪਾਈਆਂ ਸਭੇ ਸੂਰਤਾਂ॥**
**ਬਹੁਤੀਂ ਸਿਰੀਂ ਬਿਹਾਈਆਂ ਘੜੀਆਂ ਕਾਲ ਕੀਆਂ॥**
**ਜਾਣਿ ਨ ਜਾਏ ਮਾਈਆਂ ਜੂਝੇ ਸੂਰਮੇ॥੪੩॥**
**ਇਤਿ ਸ੍ਰੀ ਰਕਤਬੀਜ ਮਾਰਿਆ॥੪॥**

***ਭਾਵਾਰਥ:–*** ਫ਼ੌਜਾਂ ਦਾ ਮੁਕਾਬਲਾ ਹੋਇਆ ਅਤੇ ਨਗਾਰਚੀ ਨੇ ਧੌਂਸੇ ਉੱਤੇ ਸੱਟ ਲਾਈ। ਨੰਗੀਆਂ ਤਲਵਾਰਾਂ ਧੂਹ ਕੇ ਹੱਥਾਂ ਵਿੱਚ (ਨਚਾਈਆਂ) ਹਿਲਾਈਆਂ। (ਗੋਸਤ ਗਿਧੀਆਂ) ਮਾਸ ਨੂੰ ਗਿਰਝੀਆਂ ਹੋਈਆਂ, (ਮਾਸ ਨੂੰ ਘਿਧੀਆਂ– ਲੈਣ ਵਾਲੀਆਂ, ਤਲਵਾਰਾਂ) ਯੋਧਿਆਂ ਦੇ ਸਰੀਰਾਂ ਨੂੰ (ਲਾਈਆਂ) ਮਾਰੀਆਂ। ਜੁਆਨਾਂ ਅਤੇ ਘੋੜਿਆਂ ਲਈ (ਬਿੱਧਣ) ਮੁਸ਼ਕਿਲ ਦੀਆਂ ਰਾਤਾਂ ਆ ਗਈਆਂ। ਲਹੂ ਪੀਣ ਵਾਸਤੇ ਯੋਗਣੀਆਂ ਇਕੱਠੀਆਂ ਹੋ ਕੇ ਦੌੜ ਪਾਈਆਂ। (ਦੇਵਾਂ) ਦੁਰਗਾ ਨੇ ਦੈਂਤਾਂ ਦੀਆਂ ਫ਼ੌਜਾਂ ਮਾਰ ਕੇ (ਪਿਛਾਂਹ) ਹਟਾ ਦਿੱਤੀਆਂ। (ਭਜਦੀ) ਭੱਜਣ ਦੀਆਂ (ਦੈਂਤਾਂ) ਨੇ ਰਾਜੇ ਸੁੰਭ (ਥੈ) ਪਾਸ (ਏਹੋ) ਕਹਾਣੀਆਂ ਸੁਣਾਈਆਂ। ਕਿ (ਸ੍ਰੋਣਤ ਵੀਰਜ ਦੇ) ਲਹੂ ਦੀਆਂ ਬੂੰਦਾਂ ਹੀ ਜ਼ਮੀਨ ’ਤੇ ਡਿੱਗਣ ਨਹੀਂ ਪਾ ਸਕੀਆਂ। ਸ੍ਰੋਣਤ ਵੀਰਜ ਦੇ ਲਹੂ ਤੋਂ ਬਣੀਆਂ ਸਾਰੀਆਂ (ਸੂਰਤਾਂ) ਸ਼ਕਲਾਂ ਕਾਲਿਕਾ ਨੇ ਮੈਦਾਨ (ਜੰਗ) ਵਿੱਚ ਨਾਸ ਕਰ ਦਿੱਤੀਆਂ ਹਨ। (ਕਾਲ) ਮੌਤ ਦੀਆਂ ਘੜੀਆਂ ਬਹੁਤਿਆਂ ਦੇ ਸਿਰਾਂ ’ਤੇ ਗੁਜ਼ਰੀਆਂ ਹਨ। ਮਰਿਆਂ ਹੋਇਆਂ ਸੂਰਮਿਆਂ ਨੂੰ ਇਸ ਤਰ੍ਹਾਂ ਜਾਣੋ (ਜਾਣਿ) ਕਿ ਮਾਤਾ ਨੇ ਹੀ ਨਹੀਂ ਜਣੇ॥੪੩॥ ਏਥੇ ਸ੍ਰੋਣਤ ਵੀਰਯ ਦੈਂਤ ਦੇ ਮਾਰੇ ਜਾਣ ਦਾ ਪ੍ਰਸੰਗ ਸਮਾਪਤ ਹੋ ਗਿਆ ਹੈ।

੨

---

[੧] ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਜੀ ਵਾਲੀਆਂ ਸੈਂਚੀਆਂ ਵਿੱਚ ‘ਪਾਈ’ ਪਾਠ ਹੈ (ਵੇਖੋ ਸਫਾ ੧੨੫)। ਭਾਈ ਮਨੀ ਸਿੰਘ ਜੀ ਵਾਲੀ ਬੀੜ ਵਿੱਚ ‘ਪਈਆਂ’ਹੈ। ਐਂਗਲੋ ਸੰਸਕ੍ਰਿਤ ਛਾਪੇਖਾਨੇ ਲਾਹੌਰ ਦੀ ਸਫ਼ਰੀ ਬੀੜ ਵਿੱਚ ਅਤੇ ਪਰਮਿੰਦਰ ਸਿੰਘ ਕਿਰਪਾਲ ਸਿੰਘ ਕਸੇਲ ਐਮ. ਏ. ਦੇ ਟੀਕੇ ਵਿੱਚ ‘ਪਾਈਆਂ’ ਪਾਠ ਹੈ, ਸਾਨੂੰ ਏਹੋ ਸ਼ੁੱਧ ਮਾਲੂਮ ਪਿਆ ਹੈ।

[੨] ਭਾਈ ਮਨੀ ਸਿੰਘ ਵਾਲੀ ਬੀੜ ਦੇ ਹਿਸਾਬ ਅਨੁਸਾਰ ਇਥੇ ‘ਅਥ ਨਿਸੁੰਭ ਯੁੱਧ ਕਥਨੰ’ ਜਾਂ ‘ਅਥ ਨਿਸੁੰਭ ਦਾ ਯੁੱਧ ਬਰਨਨੰ’ ਆਦਿਕ ਕੋਈ ਪਾਠ ਹੋਣਾ ਚਾਹੀਦਾ ਸੀ। ਪਾਉੜੀ ਨੰ. ੫੦ ਦਾ ‘ਇਤਿ ਸ੍ਰੀ ਨਿਸੁੰਭ ਮਾਰਿਆ॥’ ਪਾਠ ਤਾਂ ਹੀ ਸਫ਼ਲ ਹੋ ਸਕਦਾ ਹੈ, ਪਰੰਤੂ ਉਸ ਬੀੜ ਵਿੱਚ ਇਥੇ ਕੋਈ ਸਿਰਲੇਖ ਨਹੀਂ ਹੈ, ਜਿਸ ਤੋਂ ਮਾਲੂਮ ਪੈਂਦਾ ਹੈ ਕਿ ਇਹ ਸਿਰਲੇਖ ਭੁੱਲ ਨਾਲ ਰਹਿ ਗਿਆ ਹੈ॥

**ਪਉੜੀ॥[1]**

**ਸੁੰਭ ਸੁਣੀ ਕਰਹਾਲੀ ਸ੍ਰਣਵਤ ਬੀਜ ਦੀ॥**
**ਰਣ ਵਿਚਿ ਕਿਨੈ ਨ ਝਾਲੀ ਦੁਰਗਾ ਆਂਵਦੀ॥**
**ਬਹੁਤੇ ਬੀਰ ਜਟਾਲੀ ਉਠੇ ਆਖ ਕੈ॥**
**ਚੋਟਾ ਪਾਨ ਤਬਾਲੀ ਜਾਸਨ ਜੁੱਧ ਨੂੰ॥**
**ਥਰਿ ਥਰਿ ਪ੍ਰਿਥਮੀ ਚਾਲੀ ਦਲਾਂ ਚੜੰਦਿਆਂ॥**
**ਨਾਉ ਜਿਵੇਹੈ ਹਾਲੀ ਸਹ ਦਰੀਆਉ ਵਿਚਿ॥**
**ਧੂੜਿ ਉਤਾਹਾਂ ਘਾਲੀ[2] ਛੜੀਂ ਤੁਰੰਗਮਾਂ॥**
**ਜਾਣਿ ਪੁਕਾਰੂ ਚਾਲੀ ਧਰਤੀ ਇੰਦ੍ਰ ਥੈ॥੪੪॥**

***ਭਾਵਾਰਥ:–*** ਸ੍ਰੋਣਤ ਵੀਰਜ ਦੀ (ਕਰਹਾਲੀ) ਕਰਾਹਟ ਭਾਵ ਦੁੱਖ ਭਰੀ ਪੁਕਾਰ ਸੁੰਭ ਨੇ ਸੁਣੀ ਕਿ ਜੰਗ ਵਿੱਚ ਆਉਂਦੀ ਦੁਰਗਾ ਕਿਸੇ ਨੇ ਨਹੀਂ (ਝਾਲੀ) ਰੋਕੀ। ਬਹੁਤ ( ਜਟਾਲੀ) ਜਟਿਲ ਭਾਵ ਭਿਆਨਕ ਯੋਧੇ ਸੁੰਭ ਦੇ ਸਾਹਮਣੇ ਇਓਂ ਕਹਿ ਕੇ ਉੱਠੇ। ਕਿ ਤੁਸੀਂ (ਤਬਾਲੀ) ਨਗਾਰਚੀ ਨੂੰ ਹੁਕਮ ਦਿਓ ਕਿ ਧੌਂਸਿਆਂ 'ਤੇ ਚੋਟਾਂ ਮਾਰਨ ਕਿ ਇਹ ਯੁੱਧ ਨੂੰ ਜਾਣਗੇ। ਦਲਾਂ ਦੇ ਚੜ੍ਹਾਈ ਕਰਦਿਆਂ ਜ਼ਮੀਨ ਥਰ ਥਰ (ਚਾਲੀ) ਹਿੱਲ ਉੱਠੀ। (ਜਿਵੇ ਹੈ) ਜਿਵੇਂ (ਸਹ) ਡੂੰਘੇ ਦਰਿਆ ਵਿੱਚ ਬੇੜੀ ਹਿੱਲਦੀ ਹੋਵੇ। (ਤੁਰੰਗਮਾਂ) ਘੋੜਿਆਂ ਨੇ (ਛੜੀਂ) ਖੁਰਾਂ ਨਾਲ ਧੂੜ ਉਤਾਂਹ ਨੂੰ (ਘਾਲੀ) ਉਡਾ ਦਿੱਤੀ। ਜਾਣਿਆ ਹੈ ਕਿ ਜ਼ਮੀਨ ਇੰਦਰ ਪਾਸ ਪੁਕਾਰ ਕਰਨ ਨੂੰ ਤੁਰੀ ਹੈ॥੪੪॥

**ਪਉੜੀ॥**

**ਆਹਰੁ ਮਿਲਿਆ ਆਹਰੀਆਂ[3] ਸੈਣ ਸੂਰਿਆਂ ਸਾਜੀ॥**
**ਚੱਲੇ ਸਉਹੇ ਦੁਰਗਸਾਹ ਜਣੁ ਕਾਬੈ ਹਾਜੀ॥**
**ਤੀਰੀਂ ਤੇਗੀਂ[4] ਜਮਧੜੀਂ ਰਣ ਵੰਡੀ ਭਾਜੀ॥**
**ਇਕ[5] ਘਾਇਲ ਘੂਮਨ ਸੂਰਮੇ ਜਣੁ ਮਕਤਬ ਕਾਜੀ॥**
**ਇਕ ਬੀਰ ਪਰੋਤੇ ਬਰਛੀਏਂ ਜਿਉ ਝੁਕ ਪਉਨ ਨਿਵਾਜੀ॥**

---

[1] ਭਾਈ ਮਨੀ ਸਿੰਘ ਜੀ ਵਾਲੀ ਬੀੜ ਦੇ ਹਿਸਾਬ ਅਨੁਸਾਰ ਏਥੇ 'ਅਥ ਨਿਸੁੰਭ ਯੁੱਧ ਕਥਨੰ' ਜਾਂ 'ਅਥ ਨਿਸੁੰਭ ਦਾ ਯੁੱਧ ਵਰਨਨੰ' ਆਦਿਕ ਕੋਈ ਪਾਠ ਹੋਣਾ ਚਾਹੀਦਾ ਸੀ। ਪਉੜੀ ਨੰ. ੫੦ ਦਾ "ਇਤਿ ਸ੍ਰੀ ਨਿਸੁੰਭ ਮਾਰਿਆ॥੫॥" ਪਾਠ ਤਾਂ ਹੀ ਸਫ਼ਲ ਹੋ ਸਕਦਾ ਹੈ ਪ੍ਰੰਤੂ ਓਸ ਬੀੜ ਵਿਚ ਵੀ ਏਥੇ ਕੋਈ ਸਿਰਲੇਖ ਨਹੀਂ ਹੈ, ਜਿਸ ਤੋਂ ਮਾਲੂਮ ਪੈਂਦਾ ਹੈ ਕਿ ਇਹ ਸਿਰਲੇਖ ਭੁੱਲ ਨਾਲ ਰਹਿ ਗਿਆ ਹੈ।

[2] ਪਾਠ– ਘੱਤੀ,

[3] ਪਾਠ– ਮਿਲਿਆ ਦਿੜਾਵਨੇ

[4] ਪਾਠ– ਤੇਗੀਂ ਤੀਰੀਂ

[5] ਇਹ ਸ਼ਬਦ ਮਾਤ੍ਰਿਕ ਹਿਸਾਬ 'ਚੋਂ ਬਾਹਰ ਹੈ, ਮਾਲੂਮ ਪੈਂਦਾ ਹੈ ਕਿ ਲਿਖਾਰੀ ਨੇ ਹੀ ਆਪਣੇ ਕੋਲੋਂ ਲਿਖ ਦਿੱਤਾ ਹੈ। ਏਸ ਪਾਉੜੀ ਦਾ ਮਾਤ੍ਰਿਕ ਹਿਸਾਬ ੧੩+੧੦= ੨੩ ਦਾ ਹੈ। ਦੋ ਗੁਰੂ ਅਤੇ ਅਤੇ ਅੰਤਅਨੁਪ੍ਰਾਸ ਦੀ ਸਮਤਾ ਹੈ।

**ਇਕ ਦੁਰਗਾ ਸਉਹੇ ਖੁਨਸ ਕੈ ਖੁਨਸਾਇਨ ਤਾਜੀ॥**
**ਇਕ ਧਾਵਨ ਦੁਰਗਾ ਸਾਮ੍ਹਣੇ ਜਿਉ ਭੁਖਿਆਏ ਪਾਜੀ॥**
**ਕਦੇ ਨ ਰੱਜੇ ਜੁੱਝ ਤੇ ਰਜ ਹੋਏ ਰਾਜੀ॥੪੫॥**

***ਭਾਵਾਰਥ:-*** (ਆਹਰੀਆਂ) ਕਾਮਿਆਂ ਨੂੰ (ਆਹਰੁ) ਕੰਮ ਮਿਲ ਗਿਆ, ਯੋਧਿਆਂ ਨੇ ਫ਼ੌਜ ਸਾਜ ਲਈ। ਦੁਰਗਾ ਦੇ ਸਾਹਮਣੇ ਯੋਧੇ ਸੈਨਾ ਲੈ ਕੇ ਇਉਂ ਚਲੇ ਹਨ ਜਿਵੇਂ ਕਿ ਹਾਜੀ ਲੋਕ ਹੱਜ ਕਰਨ ਲਈ ਮੱਕੇ ਨੂੰ ਚਲੇ ਹਨ। ਤੀਰਾਂ, ਤਲਵਾਰਾਂ ਅਤੇ ਕਟਾਰਾਂ ਦੀ ਹੀ ਜੰਗ ਵਿੱਚ (ਭਾਜੀ) ਨਿਓਂਦੇ ਦੀ ਵਸਤ ਵੰਡੀ ਗਈ। ਕਈ ਯੋਧੇ ਜ਼ਖ਼ਮੀ ਹੋ ਕੇ ਚੱਕਰ ਖਾਂਦੇ ਫਿਰਦੇ ਹਨ, ਮਾਨੋ ਕਿ (ਮਕਤਬ) ਮਦਰੱਸੇ ਵਿੱਚ ਕਾਜ਼ੀ (ਆਲਮ) ਹੈ। ਕਈ ਯੋਧੇ ਬਰਛੀਆਂ ਨਾਲ ਪ੍ਰੋਤੇ ਪਏ ਨੇ, ਜਿਵੇਂ ਨਮਾਜ਼ੀ (ਝੁਕ ਪਉਨ) ਨੀਵੇਂ-ਉੱਚੇ ਹੋ ਹੋ ਪੈਂਦੇ ਹਨ। ਕਈ ਦੁਰਗਾ ਦੇ ਸਾਹਮਣੇ (ਖੁਨਸ) ਕ੍ਰੋਧ ਕਰਕੇ (ਤਾਜੀ) ਘੋੜੇ (ਖੁਨਸਾਇਨ) ਤੇਜ਼ ਕਰਦੇ ਹਨੇ। ਕਈ ਦੁਰਗਾ ਦੇ ਸਾਹਮਣੇ ਵੱਲ ਨੂੰ ਦੌੜ ਕੇ ਆਉਂਦੇ ਹਨ, ਜਿਵੇਂ ਭੁੱਖੇ ਹੋਏ ਹੋਏ (ਪਾਜੀ) ਕਮੀਨ। ਜੋ ਕਦੇ (ਜੁੱਝ ਤੇ) ਲੜਦੇ ਹੋਏ ਰੱਜੇ ਹੀ ਨਹੀਂ, ਉਹ ਵੀ ਰੱਜ ਕੇ (ਰਾਜੀ) ਖੁਸ਼ ਹੋ ਗਏ ਹਨ॥੪੫॥

**ਪਉੜੀ॥**

**ਬੱਜੇ ਸੰਗਲਿਆਲੇ ਸੰਘਰ ਡੋਹਰੇ॥**
**ਡਹੇ ਜੁ ਖੇਤ ਜਟਾਲੇ[੧] ਹਾਠਾਂ ਜੋੜ ਕੇ॥**
**ਨੇਜੇ ਬੰਬਲਿਆਲੇ ਦਿੱਸਨ ਓਰੜੇ॥**
**ਚੱਲੇ ਜਾਣੁ ਜਟਾਲੇ ਨਾਵਣ ਗੰਗ ਨੂੰ॥੪੬॥**

***ਭਾਵਾਰਥ:-*** ਸੰਗਲਾਂ ਵਾਲੇ ਨਗਾਰੇ (ਸੰਘਰ) ਜੰਗ ਵਿੱਚ ਦੋਹਰੀ ਚੋਬ ਨਾਲ ਵੱਜੇ। (ਜਟਾਲੇ) ਸ਼ੇਰਾਂ ਵਰਗੇ ਯੋਧੇ ਮੈਦਾਨ ਵਿੱਚ (ਡਹੇ) ਲੜਦੇ ਹਨ, (ਹਾਠਾਂ) ਪਰ੍ਹੇ ਬੰਨ੍ਹ ਕੇ। (ਓਰੜੇ) ਉੱਚੇ ਚੁੱਕੇ ਹੋਏ ਫੁੰਮਣਾਂ ਵਾਲੇ (ਨੇਜੇ) ਝੰਡੇ ਦਿਸਦੇ ਹਨ ਮਾਨੋ ਕਿ (ਜਟਾਲੇ) ਜਟਾਂ ਵਾਲੇ ਸਾਧੂ ਗੰਗਾ ਨ੍ਹਾਉਣ ਨੂੰ ਤੁਰੇ ਹਨ॥੪੬॥

**ਪਉੜੀ॥**

**ਦੁਰਗਾ ਅਤੈ ਦਾਨਵੀ ਸੂਲ ਹੋਈਆਂ ਕੰਗਾਂ॥**
**ਵਾਛੜ ਘੱਤੀ ਸੂਰਿਆਂ ਵਿਚ ਖੇਤ ਖਤੰਗਾਂ॥**
**ਧੂਹ ਕਿਰਪਾਨਾ ਤਿਖੀਆਂ ਬਢ ਲਾਹਨਿ ਅੰਗਾਂ॥**
**ਪਹਿਲਾ ਦਲਾ ਮਿਲੰਦਿਆਂ ਭੇੜ ਪਇਆ ਨਿਹੰਗਾਂ॥੪੭॥**

***ਭਾਵਾਰਥ:-*** ਦੁਰਗਾ ਅਤੇ ਦੈਂਤਾਂ (ਦੋਵੇਂ ਪਾਸੇ) ਦੀਆਂ (ਕੰਗਾਂ) ਫ਼ੌਜਾਂ ਤੀਰਾਂ ਨਾਲ (ਸੂਲ ਹੋਈਆਂ) ਵਿੰਨ੍ਹੀਆਂ ਗਈਆਂ। ਸੂਰਮਿਆਂ ਨੇ ਮੈਦਾਨੇ ਜੰਗ ਵਿੱਚ (ਖਤੰਗਾਂ) ਤੀਰਾਂ ਦੀ (ਵਾਛੜ) ਬੁਛਾੜ ਪਾ

---

[੧] ਪਾਠ- ਠਟਾਲੇ

ਦਿੱਤੀ। ਤਿੱਖੀਆਂ ਤਲਵਾਰਾਂ ਨੂੰ ਧੂਹ ਕੇ ਅੰਗਾਂ ਨੂੰ ਵੱਢ ਕੇ ਲਾਹ ਦੇਂਦੇ ਹਨ। ਦਲਾਂ ਦੇ ਮਿਲਦਿਆਂ ਸਾਰ ਪਹਿਲਾ (ਭੇੜ) ਜੰਗ (ਨਿਹੰਗਾਂ) ਦਲੇਰਾਂ ਯੋਧਿਆਂ ਦਾ ਹੀ ਪਿਆ॥੪੭॥

**ਪਉੜੀ॥**

**ਓਰੜ ਫਉਜਾਂ ਆਈਆਂ ਬੀਰ ਚੜੇ ਕੰਧਾਰੀ॥**
**ਸੜਕ ਮਿਆਨੋ ਕਢੀਆਂ ਤਿਖੀਆਂ ਤਰਵਾਰੀ॥**
**ਕੜਕ ਉਠੇ ਰਣ ਮਚਿਆ ਵਡੇ ਅਹੰਕਾਰੀ॥**
**ਸਿਰ ਧੜ ਬਾਹਾਂ ਗਨਲੇ ਫੁਲ ਜੇਹੇ ਵਾਰੀ[1]॥**
**ਜਾਪੇ ਕੱਟੇ ਬਾਢੀਆਂ ਰੁਖ ਚੰਦਨ ਆਰੀ॥੪੮॥**

***ਭਾਵਾਰਥ:–*** ਸੈਨਾ (ਓਰੜ) ਚੜ੍ਹ ਕੇ ਆ ਗਈਆਂ, (ਕੰਧਾਰੀ) ਪਰਿਆਂ ’ਚੋਂ ਸੂਰਵੀਰ ਚੜ੍ਹ ਪਏ। ਸੜਕ (ਸ਼ਬਦ ਨਾਲ ਧੂਹ ਕੇ) ਮਿਆਨਾਂ ’ਚੋਂ ਤੇਜ਼ ਤਲਵਾਰਾਂ ਕੱਢ ਲਈਆਂ। ਵੱਡੇ ਅਭਿਮਾਨੀ ਯੋਧੇ ਕੜਕ ਕੇ ਉੱਠ ਖਲੋਤੇ ਅਤੇ ਜੰਗ ਭਖ ਪਿਆ। ਸਿਰਾਂ, ਧੜਾਂ ਅਤੇ ਬਾਹਾਂ ਦੇ (ਗਨਲੇ) ਟੋਟੇ (ਵਾਰੀ) ਬਗ਼ੀਚੀ ਦੇ ਫੁੱਲਾਂ (ਜੇਹੇ) ਵਾਂਗ ਹਨ। (ਜਾਪੇ) ਮਾਲੂਮ ਪੈਂਦਾ ਹੈ ਕਿ (ਬਾਢੀਆ) ਤਰਖਾਣਾਂ ਨੇ ਆਰੀਆਂ ਨਾਲ ਚੰਦਨ ਦੇ ਦਰਖਤ ਵੱਢ ਦਿੱਤੇ ਹੋਣ॥੪੮॥

**ਪਉੜੀ॥**

**ਦੁਹਾਂ ਕੰਧਾਰਾਂ ਮੁਹ ਜੁੜੇ ਜਾ ਸੱਟ ਪਈ ਖਰਵਾਰ ਕਉ॥**
**ਤਕ ਤਕ[2] ਕੈਬਰਿ ਦੁਰਗਸਾਹ ਤਕ ਮਾਰੇ ਭਲੇ ਜੁਝਾਰ ਕਉ[3]॥**
**ਪੈਦਲ ਮਾਰੇ ਹਾਥੀਆਂ ਸੰਗ ਰਥ ਗਿਰੇ ਅਸਵਾਰ ਕਉ॥**
**ਸੋਹਨ ਸੰਜਾ[4] ਬਾਗੜਾ ਜਣੁ ਲਗੇ ਫੁੱਲ ਅਨਾਰ ਕਉ॥**
**ਗੁੱਸੇ ਆਈ ਕਾਲਿਕਾ ਹਥਿ ਸੱਜੇ ਲੈ ਤਲਵਾਰ ਕਉ॥**
**ਏਦੂ ਪਾਰਉ ਓਤ ਪਾਰ ਹਨ ਰਾਕਸਿ[5] ਕਈ ਹਜਾਰ ਕਉ॥**
**ਜਿਣ ਇੱਕਾ ਰਹੀ ਕੰਧਾਰ ਕਉ॥**
**ਸਦ ਰਹਮਤ ਤੇਰੇ ਵਾਰ ਕਉ॥੪੯॥**

---

[1] ਪਾਠ – ਬਾੜੀ

[2] ਲਿਖਾਰੀ ਦੀ ਭੁੱਲ ਸਦਕਾ ‘ਤਣ ਤਣ’ ਦੀ ਥਾਂ ‘ਤਕ ਤਕ’ ਲਿਖਿਆ ਗਿਆ ਹੈ। ‘ਤਕ ਤਕ’ ਦਾ ਜੇ ਏਥੇ ਕੁਝ ਅਰਥ ਕੀਤਾ ਵੀ ਜਾਵੇ ਤਾਂ ਵੀ ‘ਤਕ ਮਾਰੇ’ ਪਾਠ ਠੀਕ ਨਹੀਂ ਬਣਨ ਦੇਂਦਾ।

[3] ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਅੰਮ੍ਰਿਤਸਰ ਦੀਆਂ ਛਾਪੀਆਂ ਹੋਈਆਂ ਸੈਂਚੀਆਂ ਵਿੱਚ ਏਥੇ ‘ਕੱਉ’ ਰੂਪ ਹਨ ਪਰ ਇਹ ਮਹਾਂ ਅਸ਼ੁੱਧ ਹਨ, ਜਿਨ੍ਹਾਂ ਦਾ ਉਚਾਰਨ ਹੀ ਨਹੀਂ ਹੋ ਸਕਦਾ। ਇਹ ਰੂਪ ਇਹਨਾਂ ਦੀ ਛਾਪੀ ਹੋਈ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿੱਚ ਵੀ ਹੈ।

[4] ਪਾਠ– ਸੇਜੀ

[5] ਪਾਠ– ਹਰਿ ਨਾਖਸ। ਇਹ ਪਾਠ ਅਸ਼ੁੱਧ ਹੈ। ਉਪਰੋਕਤ ਪਾਠ ਭਾਈ ਮਨੀ ਸਿੰਘ ਜੀ ਵਾਲੀ ਬੀੜ ’ਚੋਂ ਲਿਆ ਹੈ। ਮੂਲ ਪਾਠ ਅਸ਼ੁੱਧ ਹੋਣ ਕਰਕੇ ਭਾਵੇਂ ਕਿੰਨਾ ਵੀ ਯਤਨ ਕਰੀਏ ਅਰਥ ਵੀ ਅਸ਼ੁੱਧ ਹੀ ਰਹਿੰਦਾ ਹੈ।

***ਭਾਵਾਰਥ:–*** ਦੋਹਾਂ (ਕੰਧਾਂਰਾਂ) ਪਰਿਆਂ ਦੇ ਮੂੰਹ ਜੁੜ ਗਏ ਜਦੋਂ ਕਿ (ਖਰਵਾਰ) ਨਗਾਰੇ ਨੂੰ ਚੋਟ ਵੱਜੀ। ਚੰਡਿਕਾ ਭਲੇ ਸੂਰਵੀਰਾਂ ਨੂੰ ਵੇਖ ਕੇ ਤਾਣ ਤਾਣ ਕੇ (ਕੈਬਰਿ) ਤੀਰ ਮਾਰਦੀ ਹੈ। ਪੈਦਲ, ਹਾਥੀਆਂ ਵਾਲੇ, ਰਥਾਂ ਵਾਲੇ ਅਸਵਾਰ ਅਤੇ ਘੋੜਿਆਂ ਵਾਲਿਆਂ ਅਸਵਾਰਾਂ ਨੂੰ ਵੀ ਮਾਰਦੀ ਹੈ, ਜੋ (ਸੰਗ) ਨਾਲ ਹੀ (ਗਿਰੇ) ਡਿੱਗੇ ਪਏ ਹਨ। (ਇਓਂ) ਸੰਜੋਆਂ ਵਿੱਚ ਵੱਜਿਆਂ ਤੀਰਾਂ ਦੀਆਂ (ਬਾਗੜਾਂ) ਮੁਖੀਆਂ ਸੋਹੰਦੀਆਂ ਹਨ, (ਜਣੁ) ਮਾਨੋ ਕਿ ਅਨਾਰ ਨੂੰ ਫੁੱਲ ਲੱਗੇ ਹਨ। ਕਾਲਿਕਾ ਸੱਜੇ ਹੱਥ ਵਿੱਚ ਤਲਵਾਰ ਨੂੰ ਲੈ ਕੇ ਗੁੱਸੇ ਵਿੱਚ (ਆਈ) ਭਰ ਗਈ। ਏਸ ਪਾਸੇ ਤੋਂ ਓਸ ਪਾਸੇ ਤੱਕ ਲਈ ਹਜ਼ਾਰ ਦੈਂਤਾਂ ਨੂੰ (ਹਨ) ਮਾਰ ਦਿੱਤਾ। (ਦੈਂਤ ਸੈਨਾ ਦੇ) ਪਰੇ ਨੂੰ ਇਕੱਲੀ ਹੀ ਜਿੱਤ ਰਹੀ ਹੈ। ਹੇ ਚੰਡਿਕਾ ! ਤੇਰੇ ਵਾਰ ਨੂੰ (ਸਦ ਰਹਮਤ) ਸੈਂਕੜੇ ਹੀ ਬਖਸ਼ਸ਼ਾਂ ਹਨ॥੪੯॥

**ਪਉੜੀ॥**

**ਦੁਹਾਂ ਕੰਧਾਰਾਂ ਮੁਹ ਜੁੜੇ ਸੱਟ ਪਈ ਜਮਧਾਣ[੧] ਕਉ[੨]॥**
**ਤਦ ਖਿੰਗ ਨਿਸੁੰਭ ਨਚਾਇਆ ਡਾਲ ਉੱਪਰ ਬਰਗਸਤਾਣ ਕਉ॥**
**ਫੜੀ ਬਿਲੰਦ ਮਗਾਇਓਸ ਫੁਰਮਾਇਸ ਕਰਿ ਮੁਲਤਾਨ[੩] ਕਉ॥**
**ਗੁੱਸੇ ਆਈ ਸਾਮ੍ਹਣੇ ਰਣ ਅੰਦਰਿ ਘੱਤਣ ਘਾਣ ਕਉ॥**
**ਅੱਗੈ ਤੇਗ ਵਗਾਈ ਦੁਰਗਸ਼ਾਹ ਨਿਸੁੰਭ ਵਢ ਬਹੀ ਪਲਾਣ ਕਉ॥**
**ਰੜਕੀ ਜਾਇ ਕੈ ਧਰਤ ਕਉ ਬਢਿ ਪਾਖਰ ਵਡੇ ਕਿਕਾਣ ਕਉ॥**
**ਬੀਰ ਪਲਾਣੋ ਡਿੱਗਿਆ ਕਰਿ ਸਿਜਦਾ ਸੁੰਭ ਸੁਜਾਣ ਕਉ॥**
**ਸਾਬਾਸ[੪] ਸਲੋਣੇ ਖਾਨ ਕਉ॥**
**ਸਦਾ ਸਾਬਾਸ ਤੇਰੇ ਤਾਣ ਕਉ॥**
**ਤਾਰੀਫਾਂ ਪਾਨ ਚਬਾਨ ਕਉ॥**
**ਸਦ ਰਹਮਤ ਕੈਫਾਂ ਖਾਨ ਕਉ॥**
**ਸਦ ਰਹਮਤ ਤੁਰੇ ਨਚਾਣ ਕਉ॥੫੦॥**
**ਇਤਿ ਸ੍ਰੀ ਨਿਸੁੰਭ ਮਾਰਿਆ॥**

***ਭਾਵਾਰਥ:–*** ਦੋਹਾਂ ਪਰਿਆਂ ਦੇ ਮੂੰਹ ਜੁੜ ਗਏ ਅਤੇ (ਜਮਧਾਣ) ਨਗਾਰੇ ਨੂੰ ਚੋਟ ਵੱਜੀ ਉਦੋਂ ਨਿਸੁੰਭ ਨੇ (ਬਰਗਸਤਾਨ) ਘੋੜੇ ਉੱਤੇ (ਯੁੱਧ ਸਮੇਂ ਵਾਲੀ) ਸੰਜੋਅ ਨੂੰ ਪਾ ਕੇ (ਖਿੰਗ) ਚਿੱਟਾ ਘੋੜਾ ਨਚਾਇਆ। ਉਸ ਨੇ ਮੁਲਤਾਨ (ਕਉ) ਤੋਂ ਫੁਰਮਾਇਸ਼ (ਕਰਿ) ਨਾਲ (ਵੱਡੀ ਤਲਵਾਰ) ਮੰਗਵਾ ਕੇ ਫੜੀ ਹੋਈ ਸੀ। (ਚੰਡਿਕਾ ਵੀ) ਜੰਗ ਵਿੱਚ ਘਾਣੀ ਪਾਉਣ ਲਈ ਗੁੱਸੇ ਨਾਲ ਸਾਹਮਣੇ ਆ ਗਈ।

---

[੧] ਪਾਠ– ਜਿਮ ਧਾਣ,

[੨] ਵੇਖੋ ਪਿਛਲੀ ਪਉੜੀ ਦਾ ਨਿਸ਼ਾਨ

[੩] ਅੰਤਜਨੁਪ੍ਰਾਸ ਦੀ ਬਹੁਤਿਆਂ ਸ਼ਬਦਾਂ ਦੇ ਰੂਪਾਂ ਅਨੁਸਾਰ ਸਮਤਾ ਦੇ ਅਨੁਕੂਲ ਏਸ ਥਾਂ 'ਨੰਨੇ' ਦੀ ਥਾਂ 'ਣਾਣਾ' ਚਾਹੀਦਾ ਹੈ।

[੪] ਪਾਠ– ਸਿਆਬਾਸ

(ਅੱਗੈ) ਸਾਹਮਣਿਓਂ ਚੰਡਿਕਾ ਨੇ ਤਲਵਾਰ ਚਲਾਈ ਜੋ ਨਿਸੁੰਭ ਨੂੰ ਵੱਢ ਕੇ (ਪਲਾਣ) ਕਾਠੀ ਵਿੱਚ ਦੀ ਵੀ ਜਾ ਵਗੀ। (ਪਾਖਰ) ਕਾਠੀ ਅਤੇ ਵਡੇ (ਕਿਕਾਣ) ਘੋੜੇ ਨੂੰ ਵੱਢ ਕੇ ਜ਼ਮੀਨ ਨੂੰ ਜਾ ਰੜਕੀ। (ਸੁਹਾਣ) ਮਹਾਂ ਸਿਆਣਾ ਸੁੰਭ ਨੂੰ (ਸਿਜਦਾ) ਨਮਸਕਾਰ ਕਰਦਾ ਹੋਇਆ ਉਸਦਾ ਭਰਾ (ਯੋਧਾ) ਕਾਠੀ ਤੋਂ ਡਿੱਗ ਪਿਆ। (ਹੇ ਨਿਸੁੰਭ!) ਤੇਰੇ (ਸਲੋਣੇ) ਨਮਕੀਨ ਖਾਣ ਨੂੰ ਸ਼ਾਬਾਸ਼ ਹੈ। ਤੇਰੇ ਜ਼ੋਰ ਨੂੰ ਵੀ ਸਦਾ ਸ਼ਾਬਾਸ਼ ਹੈ। ਪਾਨ ਚੱਬਣ ਨੂੰ ਵੀ (ਤਾਰੀਫ਼ਾਂ) ਸ਼ਾਬਾਸ਼ਾਂ ਹਨ। (ਕੈਫਾਂ) ਸ਼ਰਾਬਾਂ ਪੀਣ ਨੂੰ ਵੀ ਸੈਂਕੜੇ ਬਖਸ਼ਸ਼ਾਂ ਹਨ। (ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਅਸੀਂ ਮੰਨਦੇ ਹਾਂ ਕਿ ਨਿਸੁੰਭ ਦੇ) ਘੋੜੇ ਨਚਾਉਣ ਨੂੰ ਵੀ (ਪਰਮੇਸ਼ਰ ਦੀਆਂ) ਸੈਂਕੜੇ ਬਖਸ਼ਿਸ਼ਾਂ ਸਨ॥੫੦॥

## ਆਗੇ ਰਾਜੇ ਸੁੰਭ ਕਾ ਯੁੱਧ

**ਪਉੜੀ॥**

**ਦੁਰਗਾ ਅਤੈ ਦਾਨਵੀ ਗਹ ਸੰਘਰਿ ਕੱਥੇ॥**
**ਓਰੜ ਉੱਠੇ ਸੂਰਮੇ ਆ ਡਾਹੇ ਮੱਥੇ॥**
**ਕੱਟ ਤੁਫੰਗੀ ਕੈਬਰੀ ਦਲੁ ਗਾਹਿ ਨਿਕੱਥੇ॥**
**ਦੇਖਨਿ ਜੰਗ ਫਰੇਸਤੇ ਅਸਮਾਨੋ ਲੱਥੇ॥੫੧॥**

***ਭਾਵਾਰਥ:–*** (ਆਗੇ) ਇਸ ਉਪਰੰਤ ਸੁੰਭ ਦਾ ਜੰਗ ਵਰਣਨ ਕੀਤਾ ਜਾਂਦਾ ਹੈ। ਚੰਡਿਕਾ ਅਤੇ ਦੈਂਤਾਂ (ਗਹ ਸੰਘਰਿ) ਦੇ ਭਿਆਨਕ ਜੰਗ ਨੂੰ (ਦੂਤਾਂ ਨੇ ਰਾਜੇ ਸੁੰਭ ਪਾਸ) ਜਾ ਕਿਹਾ। (ਤਾਂ ਰਾਜੇ ਸੁੰਭ ਸਮੇਤ) ਯੋਧੇ (ਓਰੜ) ਉਲਰ ਕੇ ਆਏ ਅਤੇ ਮੱਥੇ ਆ ਡਾਹੇ (ਕੱਟ-ਕਟਿ) ਲੱਕਾਂ ਨਾਲ ਬੰਦੂਕਾਂ ਅਤੇ (ਕੈਬਰੀ) ਤੀਰਾਂ ਨੂੰ ਬੰਨ੍ਹ ਕੇ ਫ਼ੌਜ ਨੂੰ (ਗਾਹਿ) ਗਾਹੁਣ ਲਈ (ਨਿਕੱਥੇ) ਨਿਕਲ ਪਏ। (ਏਸ) ਜੰਗ ਨੂੰ ਵੇਖਣ ਲਈ ਆਸਮਾਨ 'ਚੋਂ ਉੱਤਰ ਕੇ ਫਰਿਸ਼ਤੇ ਵੀ ਵੇਖਦੇ ਹਨ॥੫੧॥

**ਪਉੜੀ॥**

**ਦੁਹਾ ਕੰਧਾਰਾ ਮੁਹ ਜੁੜੇ ਦਲ ਘੁਰੇ ਨਗਾਰੇ॥**
**ਓਰੜ ਆਏ ਸੂਰਮੇ ਸਿਰਦਾਰ ਰਣਿਆਰੇ[1]॥**
**ਲੈ ਕੈ ਤੇਗਾਂ ਬਰਛੀਆਂ ਹਥਿਆਰ ਉਭਾਰੇ॥**
**ਟੋਪ ਪਟੇਲਾ ਪਾਖਰਾ ਗਲਿ ਸੰਜ ਸਵਾਰੇ॥**
**ਲੈ ਕੇ ਬਰਛੀ ਦੁਰਗਸ਼ਾਹ ਬਹੁ ਦਾਨਵ ਮਾਰੇ॥**
**ਚੜੇ ਰਥੀਂ ਗਜ ਘੋੜਿਈਂ ਮਾਰਿ ਭੁਇਂ ਤੇ ਡਾਰੇ॥**
**ਜਣੁ[2] ਹਲਵਾਈ ਸੀਖ ਨਾਲ ਵਿੰਨ੍ਹ ਵੜੇ ਉਤਾਰੇ॥੫੨॥**

---

[1] ਪਾਠ- ਓਰੜ ਆਏ ਸੂਰਮੇ ਰਿਨ ਕਾਰਨਿਆਰੇ॥

[2] ਪਾਠ- ਜਾਣ

***ਭਾਵਾਰਥ:–*** ਦੁਹਾਂ (ਕੰਧਾਰਾਂ) ਪਰਿਆਂ ਦੇ ਮੂੰਹ ਜੁੜ ਗਏ, ਫ਼ੌਜ ਵਿੱਚ ਨਗਾਰੇ ਵੱਜ ਪਏ। ਜੰਗ ਦੇ ਸਰਦਾਰ ਸੂਰਵੀਰ (ਓਰੜ) ਉਮੱਡ ਆਏ। ਤਲਵਾਰਾਂ, ਬਰਛੀਆਂ ਅਤੇ ਹਥਿਆਰ ਲੈ ਕੇ ਉਭਾਰੇ ਹੋਏ ਸਨ। ਟੋਪ, ਪਟੇਲਾ (ਪਾਖਰਾ) ਘੋੜਿਆਂ ਦੀ, ਯੁੱਧ ਵਾਲਾ ਸਮਾਨ ਅਤੇ ਸੰਜੋਆਂ ਗਲਾਂ ਵਿੱਚ (ਸਵਾਰੇ) ਪਹਿਨੇ ਹੋਏ ਸਨ। (ਅੱਗੋਂ) ਚੰਡਿਕਾ ਨੇ ਬਰਛੀ ਫੜ੍ਹ ਕੇ ਬੜੇ ਦੈਂਤ ਮਾਰ ਦਿੱਤੇ। ਜੋ ਰਥਾਂ, ਹਾਥੀਆਂ ਅਤੇ ਘੋੜਿਆਂ ਤੇ ਚੜ੍ਹੇ ਹੋਏ ਸਨ ਮਾਰ ਕੇ ਜ਼ਮੀਨ ’ਤੇ ਸੁੱਟ ਦਿੱਤੇ। (ਜਣ) ਮਾਨੋ ਕਿ ਹਲਵਾਈ ਨੇ ਵੜੇ ਸੀਖ ਨਾਲ ਵਿੰਨ੍ਹ ਕੇ ਲਾਹ ਦਿੱਤੇ ਹੋਣ॥੫੨॥

**ਪਉੜੀ॥**

**ਦੁਹਾਂ ਕੰਧਾਰਾਂ ਮੁਹ ਜੁੜੇ ਨਾਲਿ ਧਉਸਾ ਭਾਰੀ॥**
**ਲਈ ਭਗਉਤੀ ਦੁਰਗਸਾਹ[1] ਵਰਜਾਗਨਿ ਭਾਰੀ॥**
**ਲਾਈ ਰਾਜੇ ਸੁੰਭ ਨੋ ਰਤੁ ਪੀਐ ਪਿਆਰੀ॥**
**ਸੁੰਭ ਪਲਾਣੋ ਡਿੱਗਿਆ ਉਪਮਾ ਬੀਚਾਰੀ॥**
**ਡੁਬ ਰਤੂ ਨਾਲਹੁ[2] ਨਿੱਕਲੀ ਬਰਛੀ ਦੁਧਾਰੀ॥**
**ਜਾਣੁ ਰਜਾਦੀ ਉੱਤਰੀ[3] ਪੈਨ੍ਹਿ ਸੂਹੀ ਸਾਰੀ॥੫੩॥**

***ਭਾਵਾਰਥ:–*** ਵੱਡੇ ਧੌਂਸੇ ਦੀ ਆਵਾਜ਼ ਨਾਲ ਦੁਹਾਂ ਪਰਿਆਂ ਦੇ ਮੂੰਹ ਜੁੜ ਗਏ। ਚੰਡਿਕਾ ਨੇ (ਭਾਰੀ) ਮਹਾਨ (ਵਰਜਾਗਨਿ) ਬਲਦੀ ਅੱਗ ਵਰਗੀ ਚਮਕੀਲੀ ਭਗਉਤੀ ਬਰਛੀ ਲਈ। ਜੋ ਰਾਜੇ ਸੁੰਭ ਨੂੰ ਮਾਰੀ ਤਾਂ ਕਿ ਲਹੂ (ਪਿਆਰੀ) ਪੀਣ ਵਲੀ ਪੀ ਸਕੇ। ਸੁੰਭ ਘੋੜੇ ਦੀ (ਪਲਾਣੋਂ) ਕਾਠੀ ਤੋਂ ਡਿੱਗ ਪਿਆ ਅਤੇ (ਨਾਲਹੁ) ਨਾਲ ਹੀ ਲਹੂ ਨਾਲ ਡੁੱਬ ਕੇ ਦੁਧਾਰੀ ਬਰਛੀ ਵੀ ਨਿਕਲ ਆਈ। (ਕਵੀ ਨੇ ਜੀਹਦੀ) ਉਪਮਾ ਸੋਚੀ ਹੈ। (ਰਜਾ) ਅਜ਼ਲ ਮੌਤ (ਜਾਣੁ) ਸੂਹੀ ਸਾੜੀ ਪਹਿਨ ਕੇ ਆਕਾਸ਼ ’ਚੋਂ ਉੱਤਰ ਆਈ ਹੈ॥੫੩॥

**ਪਉੜੀ॥**

**ਦੁਰਗਾ ਅਤੈ ਦਾਨਵੀ ਭੇੜ ਪਇਆ ਸਬਾਹੀਂ॥**
**ਸਸਤ੍ਰ ਪਜੂਤੇ ਦੁਰਗਸਾਹ ਗਹ[4] ਸਭਨੀ ਬਾਹੀਂ॥**
**ਸੁੰਭ ਨਿਸੁੰਭ ਸੰਘਾਰਿਆ ਵਥ ਜੇਹੇ ਸਾਹੀਂ[5]॥**
**ਫਉਜਾਂ ਰਾਕਸਿਆਰੀਆਂ ਦੇਖ ਰੋਵਨਿ ਧਾਹੀਂ॥**

---

[1] ਪਾਠ– ਲਈ ਸਜ ਹਰਿਅਹੁ ਦੁਰਗਸ਼ਾਹ
[2] ਪਾਠ– ਡੁੱਬ ਰਕਤਹੁ,
[3] ਪਾਠ– ਜਾਣ ਹੈ ਜਾਦੀ ਉੱਤਰੀ
[4] ਪਾਠ– ਰਹੋ,
[5] ਪਾਠ– ‘ਬਤ ਜੇਤੇ ਸ਼ਾਹੀਂ’ ਜਿਸ ਤਰ੍ਹਾਂ ਸ਼ਾਹੀਨ (ਬਤ) ਬਤਖ ਨੂੰ (ਜੇਤੇ) ਜਿੱਤ ਲੈਂਦੀ ਹੈ।

**ਮੂੰਹ ਕੜੂਚੇ[1] ਘਾਹ ਦੇ ਛਡ ਘੋੜੇ ਰਾਹੀਂ॥**
**ਭਜਦੇ ਹੋਏ[2] ਮਾਰੀਅਨ ਮੁੜਿ ਝਾਕਨ ਨਾਹੀਂ॥੫੪॥**

***ਭਾਵਾਰਥ:-*** ਚੰਡਿਕਾ ਅਤੇ ਦੈਂਤਾਂ ਦਾ (ਸਬਾਹੀ) ਸਵੇਰ ਤੋਂ ਜੰਗ ਹੋ ਪਿਆ। ਦੁਰਗਾ ਨੇ ਸਾਰਿਆਂ (ਬਾਹੀਂ) ਹੱਥਾਂ ਵਿੱਚ (ਗਹ) ਥਾਂ ਪਰ ਥਾਂ ਸ਼ਸਤਰ (ਪਜੂਤੇ) ਫੜ੍ਹੇ ਸਨ। ਸੁੰਭ ਤੇ ਨਿਸੁੰਭ ਨੂੰ ਮਾਰ ਦਿੱਤਾ, (ਜੇਹੇ) ਜਿਵੇਂ (ਸ਼ਾਹੀਨ) ਮਾਦਾ ਬਾਜ ਆਪਣੇ ਸ਼ਿਕਾਰ ਨੂੰ ਮਾਰ ਲੈਂਦਾ ਹੈ। (ਰਾਕਸਿਆਰੀਆਂ) ਰਾਖਸ਼ਾਂ ਦੀਆਂ ਫ਼ੌਜਾਂ (ਸੁੰਭ ਤੇ ਨਿਸੁੰਭ ਦੀਆਂ ਲੋਥਾਂ) ਵੇਖ ਕੇ ਧਾਹਾਂ ਮਾਰ-ਮਾਰ ਰੋਂਦੀਆਂ ਹਨ। ਮੂੰਹਾਂ ਵਿੱਚ ਘਾਹ ਦੇ (ਕੜੂਚੇ) ਬੁਰਕ ਲੈ ਕੇ ਭਾਵ ਸ਼ਰਨ ਲਈ ਪੁਕਾਰਦੇ ਹੋਏ ਅਤੇ ਘੋੜਿਆਂ ਨੂੰ ਰਾਹਾਂ ਵਿੱਚ ਹੀ ਛੱਡ ਕੇ ਭਾਵ ਸੂਰਵੀਰਤਾ ਨੂੰ ਤਿਆਗ ਕੇ ਭੱਜਦੇ ਹੋਏ ਮਾਰੇ ਜਾ ਰਹੇ ਹਨ, (ਮੁੜ) ਪਰਤ ਕੇ ਝਾਕਦੇ ਵੀ ਨਹੀਂ ਹਨ॥੫੪॥

**ਪਉੜੀ॥**
**ਸੁੰਭ ਨਿਸੁੰਭ ਪਠਾਇਆ ਜਮ ਦੇ ਧਾਮ ਨੋ॥**
**ਇੰਦ੍ਰ ਸਦ ਬੁਲਾਇਆ ਰਾਜ ਅਭਿਖੇਕ ਨੋ॥**
**ਸਿਰ ਪਰ ਛਤ੍ਰ ਫਿਰਾਇਆ ਰਾਜੇ ਇੰਦ੍ਰ ਦੈ॥**
**ਚਉਦਹ ਲੋਕਾਂ ਛਾਇਆ ਜਸੁ ਜਗ ਮਾਤ ਦਾ॥**
**ਦੁਰਗਾ ਪਾਠ ਬਣਾਇਆ ਸਭੇ[3] ਪਉੜੀਆਂ॥**
**ਫੇਰ ਨ ਜੂਨੀ ਆਇਆ ਜਿਨ ਇਹ ਗਾਇਆ॥੫੫[4]॥**
**ਇਤਿ ਸ੍ਰੀ ਦੁਰਗਾ ਦੀ ਵਾਰ ਸੰਪੂਰਨ ਹੋਈ॥੫੫॥੫॥**

***ਭਾਵਾਰਥ:-*** ਸੁੰਭ ਤੇ ਨਿਸੁੰਭ ਨੂੰ ਤਾਂ ਜਮ ਦੇ ਘਰ ਭੇਜ ਦਿੱਤਾ। (ਰਾਜ ਅਭਿਖੇਕ) ਰਾਜ ਤਿਲਕ ਵਾਸਤੇ ਇੰਦਰ ਨੂੰ ਬੁਲਾ ਭੇਜਿਆ। ਰਾਜੇ ਇੰਦਰ ਦੇ ਸਿਰ ਤੇ (ਛਤ੍ਰ ਫਿਰਾਇਆ) ਰਾਜ ਭਾਗ ਦੇ ਦਿੱਤਾ। ਜਗਤ ਮਾਤਾ (ਚੰਡਿਕਾ) ਦਾ ਯਸ਼ ਚੌਦਾਂ ਲੋਕਾਂ ਭਾਵ ਸਭ ਸੰਸਾਰ ਵਿੱਚ ਫੈਲ ਗਿਆ। (ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ) 'ਦੁਰਗਾ, ਸਪਤਸਤੀ ਦਾ ਸਾਰਾ ਪਾਠ ਪਉੜੀਆਂ (ਵਾਰ-ਰੂਪ) ਵਿੱਚ ਰਚ ਦਿੱਤਾ ਹੈ। ਇਹ ਜੀਹਨੇ ਗਾਇਆ ਹੈ ਉਹ ਫਿਰ (ਜੂਨੀ) ਜਨਮ-ਮਰਨ ਦੇ ਚੱਕਰ ਵਿੱਚ ਨਹੀਂ ਆਇਆ॥੫੫॥੫॥ ਏਥੇ ਸ੍ਰੀ ਚੰਡਿਕਾ ਦੀ ਵਾਰ ਪੂਰਨ ਹੋ ਗਈ ਹੈ।

---

[1] ਪਾਠ- ਮੁਹੀਂ ਖੜੂਚੇ,

[2] ਪਾਠ- ਭਜਦੇ ਜਾਂਦੇ

[3] ਪਾਠ- ਸਾਰੋ

[4] ਏਸ ਅੰਗ ਦਾ ਭਾਵ ਭਾਈ ਮਨੀ ਸਿੰਘ ਜੀ ਵਾਲੀ ਬੀੜ ਅਨੁਸਾਰ ਇਹ ਹੈ ਕਿ ਪੰਜ ਪਉੜੀਆਂ ਵਿੱਚ ਸੁੰਭ ਦਾ ਜੰਗ ਵਰਣਨ ਕੀਤਾ ਗਿਆ ਹੈ। ਭਾਈ ਮਨੀ ਸਿੰਘ ਜੀ ਵਾਲੀ ਬੀੜ ਵਿੱਚ ਹਰ ਸੂਰਵੀਰ ਦੈਂਤ ਦੇ ਪ੍ਰਸੰਗ ਦੀਆਂ ਪਉੜੀਆਂ ਦੀ ਗਿਣਤੀ ਵੀ ਨਾਲ ਦਿੱਤੀ ਹੋਈ ਹੈ। ਜਿਵੇਂ ਕਿ ੧੯॥੧੯, ੯॥੨੮, ੪॥੩੨, ੧੧॥੪੩, ੭॥੫੦ ਅਤੇ ੫॥੫੫ ਹਨ।